
ਵਰਿਆਮ

ਫਰਵਰੀ, ੨੦੦੩

੨੮ ਵਾਂ ਸਾਲ



ਚੀਨੀ ਘੋੜੀ
ਦੇ ਅਸਵਾਰ
ਸਤਿਗੁਰੂ ਰਾਮ ਸਿੰਘ ਜੀ
ਅਵਤਾਰ ਬਸੰਤ
ਪੰਚਮੀ- ੧੮੧੬ ਈ.



ਪਰਦੇਸ ਗਵਨ
੧੮ ਜਨਵਰੀ, ੧੮੭੨

ਸਤਿਗੁਰੂ ਰਾਮ ਸਿੰਘ
ਛੋਟੇ ਵੀਰ
ਸਤਿਗੁਰੂ ਹਰੀ ਸਿੰਘ ਜੀ ਨੂੰ
ਨਾਮਧਾਰੀ ਪੰਥ ਸੰਭਾਲਦੇ ਹੋਏ।

ਹਰਬਲਭ ਸੰਗੀਤ ਸੰਮੇਲਨ ਮੌਕੇ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਟਾ
ਕੀਤਾ ਗਿਆ ਸਨਮਾਨ ਚਿੰਨ੍ਹ ਪ੍ਰਾਪਤ ਕਰਦੇ
ਹੋਏ ਸ. ਜਗਦੀਸ਼ ਸਿੰਘ ਵਰਿਆਮ। ਨਾਲ
ਖੜੇ ਹਨ ਸ੍ਰੀ ਸੁਰਿੰਦਰ ਸੇਠ, ਸ੍. ਸ. ਸ. ਅਜੀਮਲ
ਅਤੇ ਸ੍ਰੀ ਵਿਜੇ ਚੋਪੜਾ ਜੀ ਪ੍ਰਧਾਨ
ਹਰਬਲਭ ਮਹਾਂ ਸਭਾ





ਨਾਮਧਾਰੀ ਕਲਾਕਾਰ ਜਿਨਾਂ ਦਾ ਪ੍ਰੋਗਰਾਮ
ਹਰਬਲਭ ਵਿਚ ਬਹੁਤ ਸਲਾਹਿਆ ਗਿਆ
ਸ. ਸੁਖਦੇਵ ਸਿੰਘ ਗਾਇਕ, ਮੋਹਣ ਸਿੰਘ ਗਾਇਕ,
ਹਰਪ੍ਰੀਤ ਸਿੰਘ ਸੋਨੂੰ ਤਬਲਾ ਵਾਦਕ, ਬਲਵੰਤ ਸਿੰਘ
ਹਾਰਮੋਨੀਅਮ ਵਾਦਕ ਨੂੰ ਸ. ਜਗਦੀਸ਼ ਸਿੰਘ
ਵਰਿਆਮ ਨੇ ਸਟੇਜ 'ਤੇ ਸਨਮਾਨਿਤ ਕੀਤਾ।

ਪ੍ਰਤਿਭਾਸ਼ਾਲੀ ਬਾਲ ਤਬਲਾ ਵਾਦਕ ਕੁਮਾਰੀ
ਰਿੱਪਾ ਸ਼ਿਵਾ ਤੇ ਸਹਿਯੋਗੀ ਨੂੰ ਸਨਮਾਨਿਤ ਕੀਤਾ
ਸ. ਹ. ਸ. ਹੰਸਪਾਲ ਪ੍ਰਧਾਨ ਪੰਜਾਬ ਕਾਂਗਰਸ ਅਤੇ
ਸ. ਜਗਦੀਸ਼ ਸਿੰਘ ਵਰਿਆਮ ਨੇ। ਸ੍ਰੀ ਵਿਜੇ ਚੋਪੜਾ,
ਅੰਮ੍ਰਿਤਸਰ ਦੇ ਮੇਅਰ, ਰਿੱਪਾ ਦੇ ਮਾਤਾ ਪਿਤਾ
ਹਰਬਲਭ ਸੰਮੇਲਨ ਦੇ ਮੁਖੀਆਂ ਨਾਲ ਖੜੇ ਹਨ।





ਮਹਾਰਾਜਾ ਡਾ. ਕਰਨ ਸਿੰਘ, ਸ੍ਰੀ ਅਸ਼ਵਨੀ ਕੁਮਾਰ (ਚੇਅਰਮੈਨ ਹਰਬਲਭ ਕਮੇਟੀ)
ਇਕ ਨਾਮਧਾਰੀ ਬਾਲ ਕਲਾਕਾਰ ਨੂੰ ਪੁਰਸਕਾਰ ਦਿੰਦੇ ਹੋਏ।

ਵਰਿਆਮ

ਫਰਵਰੀ-੨੦੦੩

ਜਿਲਦ-੨੯

ਅੰਕ-੪

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:	Office Address :
ਮਾਸਿਕ ਵਰਿਆਮ	Monthly WARIAM
ਲਾਡੋਵਾਲੀ ਰੋਡ	(Punjabi)
(ਸਾਹਮਣੇ ਸੈਂਟਰਲ ਟਾਊਨ)	Ladowali Road.
ਜਲੰਧਰ- ੧੪੪੦੦੧	Opp. Central Town,
	Jalandhar-144001
ਫੋਨ-ਦਫਤਰ : ੨੨੨੨੫੪੩	Ph. : 2222543 (O)
ਘਰ : ੨੪੫੬੨੮੯	2456289 (R)

ਵਰਿਆਮ ਦੇ ਦਰ

ਇਹ ਅੰਕ	੧੫-੦੦
ਸਲਾਨਾ ਚੰਦਾ	੧੫੦-੦੦
ਪੰਜ ਸਾਲ ਲਈ	੫੦੦-੦੦
ਜੀਵਨ ਮੈਂਬਰ	੧੫੦੦-੦੦
ਵਿਦੇਸ਼ ਲਈ	੨੫ ਪੌਂਡ ਜਾਂ ੩੫ ਡਾਲਰ
ਹਵਾਈ ਡਾਕ ਰਾਹੀਂ	

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਤਤਕਰਾ

ਵਰਿਆਮ ਦਾ ਟਾਈਟਲ

ਵਰਿਆਮ ਦੇ ਇਸ ਵਾਰ ਦੇ ਟਾਈਟਲ ਨੂੰ ਸੁਖਵੰਤ ਸਿੰਘ ਆਰਟਿਸਟ ਨੇ ਪ੍ਰਾਪਤ ਤਸਵੀਰਾਂ ਨੂੰ ਤਰਤੀਬ ਦੇ ਕੇ ਡਿਜ਼ਾਇਨ ਕੀਤਾ ਹੈ। ਮੁੱਖ ਪੰਨੇ ਦੀਆਂ ਤਸਵੀਰਾਂ ਮੂਲ ਰੂਪ ਵਿਚ ਸਦਾਬਹਾਰ ਕਲਾਕਾਰ ਸਵਰਗੀ ਸੰਤ ਵਰਿਆਮ ਸਿੰਘ ਮੁਸੱਵਰ ਦੇ ਹੱਥ ਦੀਆਂ ਬਣੀਆਂ ਹੋਈਆਂ ਹਨ। ਅੰਦਰ ਦੀਆਂ ਤਸਵੀਰਾਂ ਅਜੀਤ ਸਿੰਘ ਫਲੌਰਾ ਯੂ.ਕੇ. ਅਤੇ ਹੋਰ ਕੈਮਰਾਮੈਨਾਂ ਦੀਆਂ ਖਿਚੀਆਂ ਹਨ।

ਇਹ ਅੰਕ

ਬਸੰਤ ਪੰਚਮੀ ਮੌਸਮੀ ਤਿਉਹਾਰ ਹੈ। ਇਸ ਮੌਸਮ ਦੇ ਨਾਂਅ ਤੇ ਇਕ ਰਾਗ ਵੀ ਹੈ। ਆਮ ਤੌਰ ਤੇ ਇਹ ਮੌਸਮ ਅਤੇ ਰਾਗ ਖੇੜੇ ਖੁਸ਼ੀ, ਪ੍ਰਫੁਲਤਾ, ਮੌਲਣ ਭੁਮਕਣ ਨੂੰ ਰੂਪ ਮਾਨ ਕਰਦਾ ਹੈ। ਗੁਰਬਾਣੀ ਵਿਚ ਵੀ ਅਜਿਹੇ ਸ਼ਬਦ ਹਨ।

ਇਸੇ ਬਸੰਤ ਪੰਚਮੀ ਦੀ ਇਕ ਰਾਤ (੧੮੭੨ ਬਿਕ੍ਰਮੀ ਜਾਂ ੧੮੧੬ ਈਸਵੀ) ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਪੰਜਾਬ ਦੇ ਇਕ ਪਿੰਡ ਰਾਈਆਂ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਸੀ। ਇਸ ਕਰਕੇ ਸਤਿਗੁਰੂ ਰਾਮ ਸਿੰਘ ਜੀ ਦੇ ਜਨਮ ਗੁਰਪੁਰਬ ਮਨਾਉਣ ਨੂੰ ਆਮ ਤੌਰ ਤੇ ਬਸੰਤ ਮਨਾਉਣਾ ਕਿਹਾ ਜਾਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਅਤੇ ਇਤਿਹਾਸ ਨੂੰ ਪਿਆਰ ਕਰਨ ਵਾਲੇ, ਇਸ ਦਿਨ ਨੂੰ ਬਹੁਤ ਸ਼ਰਧਾ ਸਤਿਕਾਰ ਅਤੇ ਉੱਚੀ ਮਾਣ ਮਰਿਆਦਾ ਸਹਿਤ ਮਨਾਉਂਦੇ ਹਨ। ਇਹ ਬਸੰਤ ਪੰਚਮੀ ਵਾਲੇ ਦਿਨ ਤਾਂ ਕੇਂਦਰੀ ਤੌਰ ਤੇ ਰਾਈਆਂ ਪਿੰਡ ਅਤੇ ਸ੍ਰੀ ਭੈਣੀ ਸਾਹਿਬ ਹੀ ਮਨਾਇਆ ਜਾਂਦਾ ਹੈ ਪਰ ਦੂਸਰੀਆਂ ਥਾਵਾਂ ਤੇ ਸਾਰੀ ਦੁਨੀਆਂ ਵਿਚ ਹੀ ਇਸ ਦਿਵਸ ਨੂੰ ਮਨਾਉਣ ਦਾ ਇਕ ਸਿਲਸਿਲਾ ਬੜਾ ਲੰਮਾ ਸਮਾਂ ਜਾਰੀ ਰਹਿੰਦਾ ਹੈ। ਜਿਥੇ ਇਹ ਗੁਰੂ ਜੀ ਦੇ ਜਨਮ ਨਾਲ ਸਬੰਧਤ ਹੋਣ ਕਰਕੇ ਅਤੇ ਵਧੀਆ ਰੁੱਤ ਵਿਚ ਆਉਣ ਕਰਕੇ ਖੁਸ਼ੀ ਦਾ ਸਮਾਂ ਹੁੰਦਾ ਹੈ। ਉਥੇ ਨਾਮਧਾਰੀ ਸਿੱਖ ਜਗਤ ਲਈ ਵੈਰਾਗ ਦਾ ਸਮਾਂ ਵੀ ਹੁੰਦਾ ਹੈ, ਸਤਿਗੁਰੂ ਰਾਮ ਸਿੰਘ ਜੀ ੫੬ ਸਾਲ ਦੀ ਉਮਰ ਵਿਚ ਹੀ ਪੰਜਾਬ ਤੋਂ ਜਲਾਵਤਨ ਕੀਤੇ ਗਏ ਸਨ। ਅਲਾਹਾਬਾਦ-ਕਲਕੱਤੇ ਰਾਹੀਂ ਉਹ ਬਰਮਾ (ਅੱਜ ਕਲ੍ਹ ਮਯਮਾਰ) ਦੇਸ ਵਿਚ ਜਲਾਵਤਨ ਕੀਤੇ ਗਏ ਸਨ। ਪਿਛਲੇ ਅੰਕ ਵਿਚ ਅਸੀਂ ਸੰਤ ਇੰਦਰ ਸਿੰਘ ਚਕ੍ਰਵਰਤੀ ਜੀ ਦਾ ਲੰਮਾ ਲੇਖ 'ਅਪੂਰਵ ਬਲੀਦਾਨ' ਛਾਪ ਕੇ ਇਸ ਇਤਿਹਾਸ ਅਤੇ ਸਾਹਿਤ ਨੂੰ ਵਰਿਆਮ ਦੇ ਪਾਠਕਾਂ ਦੇ ਸਨਮੁੱਖ ਇਕ ਵੇਰ ਫੇਰ ਰੱਖਿਆ ਸੀ। ਅਜੇ ਜਦੋਂ ਸਤਿਗੁਰੂ ਰਾਮ ਸਿੰਘ ਜੀ ਦੀ ਉਮਰ ਦੋ ਸਾਲ ਦੀ ਹੀ ਸੀ ਤਾਂ ਅੰਗਰੇਜ਼ ਸ਼ਾਸਕਾਂ ਨੇ ਇਕ ਕਾਨੂੰਨ ਬਣਾਇਆ ਸੀ: "ਬੰਗਾਲ ਰੈਗੂਲੇਸ਼ਨ ਐਕਟ ੧੮੧੮" ਜਿਸ ਦੀ ਇਕ ਧਾਰਾ ਅਨੁਸਾਰ ਬਗੈਰ ਮੁਕਦਮਾ ਚਲਾਇਆਂ ਅਤੇ ਦੋਸ਼ ਸਾਬਤ ਕੀਤਿਆਂ ਹਕੂਮਤ ਦੇ ਵਿਰੋਧੀਆਂ ਨੂੰ ਫੜਿਆ, ਕੈਦ ਕੀਤਾ ਜਾਂ ਬਾਹਰ ਭੇਜਿਆ ਜਾ ਸਕਦਾ ਸੀ ਮਾਰਿਆ ਵੀ ਜਾ ਸਕਦਾ ਸੀ. ਪਰ ਇਹ ਕਾਨੂੰਨ ੫੪ ਸਾਲ ਹੋਰ ਕਿਸੇ ਤੇ ਨਾ ਲੱਗਾ। ਪਹਿਲੀ ਵਾਰ ਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਪੈਰੋਕਾਰਾਂ ਵਿਰੁੱਧ ਵਰਤਿਆ ਗਿਆ।

ਨਾਮਧਾਰੀਆਂ ਨਾਲ ਜੋ ਜ਼ਿਆਦਤੀ ਹੋਈ ਤੇ ਹੁੰਦੀ ਰਹੀ ਉਹ ਬਹੁਤ ਦੇਰ ਬਾਅਦ ਜੰਤਾਂ ਦੇ ਸਾਹਮਣੇ ਆਈ। ਬੇਇਨਸਾਫੀ, ਝੂਠੀ ਤੋਹਮਤ ਬਾਜ਼ੀ, ਹੋਛਾਪਣ, ਬਦ ਦਿਆਨਤੀ, ਸਰਕਾਰ ਵਲੋਂ, ਸਰਕਾਰੀ ਹੱਥ ਠੋਕਿਆਂ ਵਲੋਂ ਅਤੇ ਧਾਰਮਿਕ ਅਦਾਰਿਆਂ ਵਲੋਂ ਨਾਮਧਾਰੀਆਂ ਵਿਰੁੱਧ ਲਗਾਤਾਰ ਜਾਰੀ ਰਹੀ ਅਤੇ ਅੱਜ ਤੱਕ ਵੀ ਇਸਦੇ ਨਿਸ਼ਾਨ ਦਿਸ ਪੈਂਦੇ ਹਨ।

ਨਾਮਧਾਰੀਆਂ ਨੇ ਪਰਮ ਸੁਖ ਵੀ ਮਾਣਿਆ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਆਦੇਸ਼ ਤੇ ਚਲਦਿਆਂ ਨਾਮ ਸਿਮਰਨ ਕੀਰਤਨ, ਵਿਆਹ ਸੁਧਾਰ, ਸੱਚੀ ਸੁੱਚੀ ਕਿਰਤ, ਸੱਚਾਈ, ਇਨਸਾਫ ਪਸੰਦੀ ਦੁਆਰਾ ਪ੍ਰਸਪਰ ਪ੍ਰੇਮ ਅਤੇ ਭਾਈਚਾਰੇ ਦੀਆਂ ਉਹਨਾਂ ਪੀਚਵੀਆਂ ਗੰਢਾਂ ਆਪ ਵੀ ਪਾਈ ਰੱਖੀਆਂ ਅਤੇ ਦੇਸ਼ ਦੇ ਦੂਜੇ ਸਮਾਜਾਂ ਨੂੰ ਵੀ ਇਕ ਪ੍ਰੀਤ ਸੁਨੇਹਾ ਦਿੱਤੀ ਰਖਿਆ। ਇਹਨਾਂ ਆਦਰਸ਼ਾਂ ਦੇ ਸਹਾਰੇ ਉਹ ਵੱਡੀਆਂ ਤੋਂ ਵੱਡੀਆਂ ਮੁਸੀਬਤਾਂ ਝਲ ਗਏ।

ਸੰਜੋਗ ਵਿਜੋਗ ਦੀ ਇਸ ਕਾਰ ਵਿਚ ਬਸੰਤ ਪੰਚਮੀ ਅਥਵਾ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਸਭ ਕੁਝ ਯਾਦ ਆਉਂਦਾ ਹੈ ਤੇ ਦੀਵਾਨਾਂ ਵਿਚ ਸੁਣਾਇਆ ਜਾਂਦਾ ਹੈ। ਸ੍ਰੋਤੇ ਵੀ ਸੰਜੋਗ ਵਿਜੋਗ ਦੀ ਇਸ ਗਾਥਾ ਵਿਚ ਨਹਾ ਕੇ ਪਵਿਤ੍ਰ ਹੋਇਆ ਸਮਝਦੇ ਹਨ। ਇਸ ਦਿਨ ਗੁਰੂ ਅੰਗਦ ਦੇਵ ਜੀ ਦਾ ਰਚਿਆ ਇਕ ਸਲੋਕ ਜ਼ਰੂਰ ਯਾਦ ਆਉਂਦਾ ਹੈ।

ਨਾਨਕ ਤਿਨਾ ਬਸੰਤੁ ਹੈ ਜਿਨਿ, ਘਰਿ ਵਸਿਆ ਕੰਤੁ॥
ਜਿਨ ਕੇ ਕੰਤ ਦਿਸਾਪੁਰੀ, ਸੇ ਅਹਿਨਿਸ ਫਿਰਹਿ ਜਲੰਤ॥

ਖੁਸ਼ੀਆਂ ਖੇੜਿਆਂ ਦੇ ਸ਼ਬਦਾਂ ਬਾਅਦ ਆਸਾ ਦੀ ਵਾਰ ਦੇ ਅੰਤਮ ਛੱਕੇ ਤੋਂ ਪਹਿਲਾਂ ਜੋ ਸ਼ਬਦ ਪੜ੍ਹਿਆ ਜਾਂਦਾ ਹੈ। ਉਸ ਦੀ ਰਹਾਉ ਦੀ ਤੁਕ ਹੈ—

ਤੁਮ ਘਰਿ ਆਵਹੁ ਮੇਰੇ ਮੀਤ॥
ਤੁਮਰੇ ਦੋਖੀ ਹਰਿ ਆਪ ਨਿਵਾਰੇ॥
ਅਪਦਾ ਭਈ ਬਿਤੀਤ॥

ਵਰਿਆਮ ਦੇ ਇਸ ਅੰਕ ਦੇ ਮੁਖ ਪੰਨੇ (ਟਾਈਟਲ) ਤੋਂ ਵੀ ਇਹ ਸੰਜੋਗ ਵਿਜੋਗ ਦੀ ਕਾਰ ਪੇਸ਼ ਕਰਨ ਦਾ ਜਤਨ ਕੀਤਾ ਗਿਆ ਹੈ। ਚੀਨੀ ਘੋੜੀ ਤੇ ਅਸਵਾਰ ਸਤਿਗੁਰੂ ਰਾਮ ਸਿੰਘ ਜੀ ਦਾ ਜਲੋ ਵੀ ਅਤੇ ਪ੍ਰਦੇਸ ਗਵਨ ਦੀ ਗਾਥਾ ਵੀ। ਉਂਜ ਵੀ ਬਸੰਤ ਪੰਚਮੀ ਅਤੇ ਪ੍ਰਦੇਸ ਗਵਨ ਦਿਵਸ ਮਾਘ ਦੇ ਮਹੀਨੇ ਵਿਚ ਹੀ ਆ ਜਾਂਦੇ ਹਨ।

"ਸਤਿਜੁਗ" ਪੱਤਰ ਦੇ ਪੁਰਾਣੇ ਅੰਕਾਂ ਵਿਚ ਬਹੁਤ ਕੀਮਤੀ ਇਤਿਹਾਸਕ ਅਤੇ ਸਾਹਿਤਕ ਸਾਮਗਰੀ ਸਾਂਭੀ ਪਈ ਹੈ ਜੋ ਨਵੀਂ ਪੀੜ੍ਹੀ ਦੇ ਸ਼ਾਇਦ ਨਜ਼ਰੀਂ ਨਹੀਂ ਚੜ੍ਹੀ। ਅਸੀਂ ਜਤਨ ਕਰ ਰਹੇ ਹਾਂ ਕਿ ਪਾਠਕ ਵਰਗ ਆਪਣੇ ਇਸ ਪੁਰਾਣੇ ਵਿਰਸੇ ਦੇ ਰੂ-ਬ-ਰੂ ਹੋਵੇ। ਪਿਛਲੇ ਅੰਕ ਵਿਚ ਪ੍ਰਸਿੱਧ ਸਾਹਿਤਕਾਰ ਸੰਤ ਇੰਦਰ ਸਿੰਘ ਚਕ੍ਰਵਰਤੀ ਦਾ ਨਾਯਾਬ ਲੇਖ 'ਅਪੂਰਵ ਬਲੀਦਾਨ' ਨੌਜਵਾਨ ਪੰਜਾਬੀ ਜਗਤ ਦੇ ਸਨਮੁਖ ਅਸੀਂ ਰੱਖਿਆ ਸੀ। ਜਿਸ ਦਾ ਵਿਆਪਕ ਸੁਆਗਤ ਹੋਇਆ ਹੈ। ਇਸ ਅੰਕ ਵਿਚ ਵੀ ਪੁਰਾਣੇ ਸਤਿਜੁਗ ਦੇ ਵਿਸ਼ੇਸ਼ ਬਸੰਤ ਅੰਕ 'ਚੋਂ ਕੁਝ ਰਚਨਾਵਾਂ ਲੇਖ ਅਤੇ ਕਵਿਤਾਵਾਂ ਅਸੀਂ ਛਾਪ ਰਹੇ ਹਾਂ। ਇਸ ਵਿਚ ਇਹ ਜਤਨ ਰਿਹਾ ਹੈ ਕਿ, ਸ਼ਬਦ ਜੋੜ, ਸਿਰਲੇਖ, ਤਰਤੀਬ, ਲੇਆਊਟ ਸਭ ਪੁਰਾਣਾ ਹੀ ਰੱਖਿਆ ਜਾਵੇ। ਤਦਵਕਤੀ ਸੰਪਾਦਕ ਸਤਿਜੁਗ ਚਕ੍ਰਵਰਤੀ ਜੀ ਵਲੋਂ ਦਿੱਤੀਆਂ ਸੰਪਾਦਕੀ ਟਿੱਪਣੀਆਂ ਵੀ ਨਾਲ ਹੀ ਦਿੱਤੀਆਂ ਹਨ। ਇਸ ਨਾਲ ਇਤਿਹਾਸ ਦੀ ਵਾਕਫੀ ਤਾਂ ਹੋਵੇਗੀ ਹੀ ਨਲ ਨਾਲ ਉਸ ਵੇਲੇ ਦੇ ਹਾਲਾਤ ਲੋਕਾਂ ਦੇ ਵਿਚਾਰ ਅਤੇ ਨਾਮਧਾਰੀਆਂ ਦੀ ਪ੍ਰਚਲਤ ਰਹੁ ਰੀਤ, ਸੱਭਿਆਚਾਰ, ਚੱਜ ਆਚਾਰ ਦਾ ਵੀ ਪਤਾ ਲੱਗੇਗਾ। ਪੰਜਾਬੀ ਸਾਹਿਤ ਜਗਤ ਦੀਆਂ ਨਾਮਵਰ ਹਸਤੀਆਂ ਦੇ ਲੇਖ ਵਡਮੁੱਲਾ ਖਜ਼ਾਨਾ ਹਨ।

ਇਸ ਅੰਕ ਵਿਚ ਇਕ ਛੋਟਾ ਜਿਹਾ ਭਾਗ ਅਸੀਂ ਵਿਸ਼ੇਸ਼ ਤੌਰ ਤੇ ਛਾਪ ਰਹੇ ਹਾਂ। ਸੰਤ ਸੰਤੋਖ ਸਿੰਘ ਬਾਹੋਵਾਲ ਦੀ ਮਹਾਨ ਰਚਨਾ "ਸਤਿਗੁਰੂ ਬਿਲਾਸ" ਆਪਣੇ ਰਚਨਾ ਕਾਲ ਤੋਂ ਪੂਰੀ ਇਕ ਸਦੀ ਬਾਅਦ ਨਾਮਧਾਰੀ ਦਰਬਾਰ ਵਲੋਂ ਪ੍ਰਕਾਸ਼ਤ ਹੋਈ ਹੈ। ਇਸ ਤੋਂ ਪਹਿਲਾਂ ਲਿਖੇ ਸਾਰੇ ਹੀ ਇਤਿਹਾਸਕ ਗ੍ਰੰਥਾਂ ਵਿਚ ਇਸ "ਅਣਛਪੇ ਗ੍ਰੰਥ" ਦੀ ਰਚਨਾ ਗਵਾਹੀ ਵਜੋਂ ਪੇਸ਼ ਹੁੰਦੀ ਰਹੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰੂ ਸ਼ਾਸਨ ਕਾਲ ਵਿਚ ਇਤਿਹਾਸ, ਸਾਹਿਤ, ਸੰਗੀਤ, ਸਭਿਆਚਾਰ ਨੂੰ ਬਹੁਤ ਬੜਾਵਾ ਮਿਲਿਆ ਹੈ। ਇਹ ਇਸੇ ਕਾਲ ਦੀ ਦੇਣ ਹੈ ਕਿ ਜੋ ਸੰਤ ਸੰਤੋਖ ਸਿੰਘ ਦੀ ਇਸ ਰਚਨਾ ਨੇ ਪੁਸਤਕ ਦਾ ਜਾਮਾ ਪਹਿਨਿਆ ਹੈ। ਬਹੁਤ ਸਾਦੀ ਤੇ ਸਾਧੀ ਬੋਲੀ ਵਿਚ ਦਿਲਚਸਪ ਢੰਗ ਨਾਲ ਉਹਨਾਂ ਅੱਖੀਂ ਡਿੱਠੇ ਤੇ ਕੰਨੀ ਸੁਣੇ ਬਿਰਤਾਂਤ ਲਿਖੇ ਹਨ। ਜਨਮ ਸਾਖੀਆਂ ਦੀਆਂ ਕਥਾਵਾਂ ਵਾਲਾ ਰਸ ਅਤੇ ਉੱਤਮ ਸਾਹਿਤ ਦਾ ਇਹ ਨਮੂਨਾ ਹੈ। ਸਾਡੇ ਮਿੱਤਰ ਸ. ਜਸਵਿੰਦਰ ਸਿੰਘ (ਹਿਸਟੋਰੀਅਨ) ਨੇ ਬੜੀ ਮਿਹਨਤ ਨਾਲ ਇਸ ਦੀ ਸੰਪਾਦਨਾ ਕੀਤੀ ਹੈ ਅਤੇ ਸ. ਹਰਵਿੰਦਰ ਸਿੰਘ ਹੰਸਪਾਲ ਪ੍ਰਧਾਨ ਨਾਮਧਾਰੀ ਦਰਬਾਰ ਨੇ ਬੜੀ ਰੀਝ ਨਾਲ ਨਵੀਨ ਛਪਾਈ ਦੀ ਤਕਨੀਕ ਨਾਲ ਛਪਵਾ ਕੇ ਸ੍ਰੀ ਸਤਿਗੁਰੂ ਜੀ ਦੀ ਰੀਝ ਨੂੰ ਸਾਕਾਰ ਕੀਤਾ ਹੈ। ਪੜ੍ਹ ਸੁਣ ਕੇ ਮਨ ਪਵਿੱਤਰ ਕਰਨ ਵਾਲੇ ਕੋਈ ਪੰਜ ਸੌ ਪੰਨੇ ਦੇ ਇਸ ਮਹਾਨ ਗ੍ਰੰਥ ਵਿਚੋਂ ਅਸੀਂ ਏਨਾ ਕੁ ਭਾਗ ਵਰਿਆਮ ਵਿਚ ਛਾਪ ਸਕੇ ਹਾਂ ਜਿੰਨਾ ਕੁ ਇਕ ਕੀੜੀ ਮਿਸ਼ਰੀ ਦੇ ਪਹਾੜ ਚੋਂ ਲੈ ਸਕਦੀ ਹੈ ਜਾਂ ਭਗਵਾਨ ਰਾਮ ਚੰਦਰ ਵਲੋਂ ਲੰਕਾਂ ਵਾਸਤੇ ਪੁਲ ਬੰਨਣ ਲਗਿਆਂ ਜਿੰਨੀ ਕੁ ਮਿੱਟੀ ਗਾਲੜ੍ਹ ਨੇ ਪਾਈ ਸੀ।

ਇਹ ਚਮਤਕਾਰਾਂ ਦਾ ਯੁੱਗ ਹੈ। ਪ੍ਰਚਾਰ ਪ੍ਰਸਾਰ ਵਾਸਤੇ ਵੀ ਨਵੇਂ ਨਵੇਂ ਚਮਤਕਾਰ ਨਿਤ ਸਾਹਮਣੇ ਆ ਰਹੇ ਹਨ। ਬਹੁਤ ਤੇਜ਼ ਗਤੀ ਸੰਸਾਰ ਵਿਚ ਆ ਗਈ ਹੈ। ਚੁਸਤੀ ਚਲਾਕੀ ਪਾਪ ਕਰਮਾਂ ਵਿਚ ਹੋਰ ਵੀ ਜ਼ਿਆਦਾ ਹੈ। ਪਰ ਝੂਠ ਨੂੰ ਵੀ ਸੱਚ ਦਾ ਜਾਮਾ ਪਹਿਨ ਕੇ ਆਉਣਾ ਪੈਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਕਥਨ ਹੈ, "ਝੂਠ ਵਿਚ ਚੁਸਤੀ ਚਲਾਕੀ ਬਹੁਤ ਹੈ ਪਰ ਦਮ ਥੋੜ੍ਹਾ ਹੈ।" ਆਪਣੇ ਗੁਰੂਆਂ ਮਹਾਂ ਪੁਰਖਾਂ ਦੇ ਇਤਿਹਾਸ ਨੂੰ ਪੜ੍ਹਨਾ, ਉਹਨੀਆਂ ਦੀਆਂ ਬਾਤਾਂ ਪਾਉਣੀਆਂ ਪੁੰਨ ਪਾਪ ਦਾ ਵਿਚਾਰ ਕਰਨਾ ਹੀ ਤਾਂ ਹੈ। ਪੁੰਨ ਕਰਮ, ਸਾਧ ਕਰਮ, ਚੰਗੇ ਕੰਮ ਕਰਨ ਦਾ ਲੱਖਣ ਸਾਡੇ ਸਾਹਮਣੇ ਸਤਿਗੁਰੂ ਪੁਰਖਾਂ ਨੇ ਰਖਿਆ ਹੈ। ਇਹ ਹੀ ਸਤਿਜੁਗ ਹੈ ਇਸੇ ਦੀ ਪ੍ਰਾਪਤੀ ਵਾਸਤੇ ਹੀ ਅਸੀਂ ਜਤਨਸ਼ੀਲ ਹਾਂ।

ਸਾਡੇ ਦੋਸਤ ਮਿੱਤਰ ਵਰਿਆਮ ਦੀ ਕਦਰ ਕਰਦੇ ਹਨ, ਥੋੜ੍ਹੇ ਨੂੰ ਬਹੁਤਾ ਕਰ ਕੇ ਜਾਣਦੇ ਹਨ, ਸਤਿਗੁਰੂ ਜੀ ਦਾ ਆਸ਼ੀਰਵਾਦੀ ਪਾਵਣ ਹੱਥ ਇਸ ਦੇ ਸਿਰ ਤੇ ਹੈ। ਇਸੇ ਕਰਕੇ ਹੀ ਇਹ ਵਿਪ੍ਰੀਤ ਹਾਲਤਾਂ ਵਿਚ ਵੀ ਹਰ ਮਹੀਨੇ ਤੁਹਾਡੇ ਦਰਾਂ ਤੇ ਪੁਜਦਾ ਹੈ। ਇਸ ਆਸ਼ੀਰਵਾਦ ਦੀ ਕਾਮਨਾ ਕਰਦੇ ਭੁਲ ਚੁਕ ਬਖਸ਼ਣ ਦੀ ਅਰਦਾਸ ਕਰਦੇ ਹਾਂ। ਗੁਰੂ ਭਲਾ ਕਰੇ, ਸਾਡੇ ਮਨਾਂ ਵਿਚ ਵਸੇ।

—ਜਗਦੀਸ਼ ਸਿੰਘ

ਬਸੰਤ ਦੇ ਮਹਾਰਾਜ ਦੀ ਬਸੰਤ ਰੀਝ

(ਪੰਜਾਬ ਦੇ ਮਹਾਂ ਰਸਕ ਅਤੇ ਮਾਨਵ ਧਰਮ ਦੇ ਪੁਜਾਰੀ ਲੇਖਕ.
ਸ੍ਰੀਮਾਨ ਸ. ਗੁਰਬਖਸ਼ ਸਿੰਘ ਜੀ ਐਡੀਟਰ 'ਪ੍ਰੀਤ-ਲੜੀ' ਦੀ ਲੇਖਣੀ ਤੋਂ)

ਸ੍ਰੀ ਮਾਨ ਸਰਦਾਰ ਗੁਰਬਖਸ਼ ਸਿੰਘ ਜੀ ਦੀ ਅਸਰ ਭਰੀ ਲੇਖਣੀ ਦੀਆਂ ਧੁੰਮਾਂ ਸਾਰੇ ਪੰਜਾਬੀ-ਸੰਸਾਰ ਵਿੱਚ ਪਈਆਂ ਹੋਈਆਂ ਹਨ। ਆਪ ਮਨੁੱਖ ਮਾਤਰ ਦੀ ਸਾਂਝ ਅਤੇ ਏਕਤਾ ਦੇ ਸੁਨਹਿਰੀ ਸੁਫਨੇ ਵੇਖਣ ਵਾਲੇ ਉਹਨਾਂ ਗਿਣਤੀ ਦੇ ਲੇਖਕਾਂ ਵਿੱਚੋਂ ਹਨ, ਜੋ ਤਮਾਮ ਕਿਸਮ ਦੀਆਂ ਫਿਰਕੂ ਵੰਡਾਂ, ਧਾਰਮਕ ਤਅੱਸਬਾਂ ਅਤੇ ਨਸਲੀ ਵਖੇਵਿਆਂ ਤੋਂ ਅੱਡ ਰਹਿ ਕੇ ਸਰਬੱਤ ਦਾ ਭਲਾ ਲੋਚਨ ਵਾਲੇ ਹਨ। ਇਸ ਲੇਖ ਵਿੱਚ ਆਪ ਨੇ ਚੀਨੀ ਵਾਲੇ ਪਾਤਸ਼ਾਹ ਨੂੰ ਬੜੀ ਚੰਗੀ ਨਜ਼ਰ ਨਾਲ ਵੇਖਿਆ ਹੈ ਅਤੇ ਆਪਣੇ ਭਾਵਾਂ ਨੂੰ ਇਸ ਸੁੰਦਰਤਾ ਅਤੇ ਸੁਚਜਤਾ ਨਾਲ ਗੁੰਦਿਆ ਹੈ ਕਿ ਦਿਲ ਕਰਦਾ ਹੈ ਕਿ ਆਪ ਦੇ ਹੱਥਾਂ ਨੂੰ ਚੁੰਮ ਲਿਆ ਜਾਵੇ।

ਆਮ ਦੁਨੀਆਂ ਸਮਝਦੀ ਹੈ ਕਿ ਮਹਾਂ ਪੁਰਖਾਂ ਦਾ ਬਿਹੁ ਹੀ ਸੁਨੇਹਾ ਭਜਨ ਬੰਦਗੀ. ਹੁੰਦਾ ਹੈ। ਪਰ ਭਜਨ ਬੰਦਗੀ ਇੱਕ ਅਵੱਸਥਾ ਹੈ ਜਿਦੀ ਉਪਮਾਂ ਕਿਸੇ ਆਸ਼ਿਕ ਦੀ ਓਸ ਮਾਨਸਿਕ ਅਵੱਸਥਾ ਨਾਲ ਦਿੱਤੀ ਜਾ ਸਕਦੀ ਹੈ, ਜਦੋਂ ਅੱਖ ਕਿਸੇ ਆਕਰਖਣ ਹੁਸਨ ਨਾਲ ਕੜ ਚੁੱਕੀ ਹੁੰਦੀ ਹੈ। ਆਮ ਦੁਨੀਆਂ ਦੀ ਅੱਖ ਫੁੱਲਾਂ ਦੀ ਥਾਂ ਫਲਾਂ ਉੱਤੇ ਹੀ ਟਿੱਕਦੀ ਹੈ। ਏਸ ਅੱਖ ਵਿੱਚ ਭਜਨ ਬੰਦਗੀ ਦੀ ਅਨਭਵਤਾ ਪੈਦਾ ਹੀ ਨਹੀਂ ਹੁੰਦੀ, ਪਰ ਤੇਰਾਂ ਤਿੰਨਾਂ ਵਿੱਚ ਗਿਣਿਆ ਜਾਣ ਲਈ ਦੁਨੀਆਂ ਇਕ ਰਸਕ ਹੋਣ ਦਾ ਦਾਹਵਾ ਜ਼ਰੂਰ ਕਰਦੀ ਹੈ ਤੇ ਭਜਨ ਬੰਦਗੀ ਦੀ ਪ੍ਰਸੰਸਾ ਵਿੱਚ ਕਈ ਕਿਤਾਬਾਂ ਰਚਦੀ ਤੇ ਮੰਦਰ ਉਸਾਰਦੀ ਹੈ। ਏਸ ਚਤੁਰਾਈ ਨਾਲ ਦੁਨੀਆਂ ਆਪਣੇ ਅੰਤ੍ਰਾਕਰਨ ਦੀ ਹੁਸਨ-ਮੰਗ ਜਿਸ ਨੂੰ ਧਰਮ-ਮੰਗ ਵੀ ਆਖਿਆ ਜਾਂਦਾ ਹੈ, ਚੁੱਪ ਕਰਾ ਕੇ ਮਾਇਕ ਸੁਆਦਾਂ ਵਿੱਚ ਲੱਗੀ ਰਹਿੰਦੀ ਹੈ। ਧਾਰਮਿਕ ਆਦਮੀ ਏਸੇ ਲਈ ਉਚੇ ਸਿੰਘਾਸਨਾਂ ਉੱਤੇ ਬੈਠੇ, ਵਿਹਲ ਤੇ ਬਹੁਲਤਾ ਵਿੱਚ ਖੁਸ਼ੀ ਹੋ, ਲੋਕਾਂ ਦੀ ਮਾਣਤਾ ਨਾਲ ਬੜੇ ਪ੍ਰਸੰਨ ਵੇਖੇ ਜਾਂਦੇ ਹਨ।

ਪਰ ਬਸੰਤ ਰੁੱਤ ਦੇ ਰੌਸ਼ਨ-ਜ਼ਮੀਰ ਮਹਾਰਾਜ ਰਾਮ ਸਿੰਘ ਜੀ ਸਿੱਖ ਦੁਨੀਆਂ ਵਿੱਚ ਦਸਾਂ ਪਾਤਸ਼ਾਹੀਆਂ ਦੇ ਮਗਰੋਂ ਪਹਿਲਾ ਮਹਾਂਪੁਰਖ ਹੋਏ ਹਨ, ਜਿਨ੍ਹਾਂ ਨੇ ਬੜੇ ਜ਼ੋਰ ਤੇ ਅਸਰ ਨਾਲ ਇਹ ਸਮਝਾਣ ਦਾ ਸਫਲ ਜਤਨ ਕੀਤਾ ਹੈ ਕਿ ਭਜਨ ਬੰਦਗੀ ਸਿਰਫ਼ ਸੁਚੱਜੇ ਸਾਧਨ ਹਨ, ਆਪਣੀਆਂ ਰੁਚੀਆਂ ਨੂੰ ਚੰਗਿਆਂ ਰੱਖਣ ਲਈ, ਹਸਤੀ ਦੇ ਅਸਲੇ ਨਾਲ ਲਿਵ ਜੋੜ ਕੇ ਕਬਜ਼ੇ ਦੇ ਭੁਲੇਖੇ ਤੋਂ ਬਚਿਆਂ ਰਹਿਣ ਲਈ, ਜੀਵਨ ਯਾਤਰਾ ਲਈ, ਸਮਰੱਥਾ ਪ੍ਰਾਪਤੀ ਕਰਨ ਲਈ। ਪਰ ਮਨੋਰਥ ਜ਼ਿੰਦਗੀ ਦਾ। ਕੰਮਾਂ ਵਿਚ ਪ੍ਰਗਟ ਹੁੰਦੀ ਨੇਕੀ ਹੈ (Passive Worship) ਨਾ ਕਿ 'ਕਿਸੇ ਭਾਂਤ ਦੀ ਅਡੋਲ ਸਮਾਧੀ (Activegoodness)। ਨਿਜ ਮੁਕਤੀ ਦਾ ਆਦਰਸ਼ ਨਿਜ ਲਾਭ ਜੇਡਾ ਹੀ ਖੁਦਗਰਜ਼ ਹੈ। ਇਹੀ ਕਾਰਨ ਹੈ ਕਿ ਨਿਰੋਲ ਆਪਣੀ ਮੁਕਤੀ ਲਈ ਰੁੱਝੇ ਹੋਏ ਆਦਮੀ ਬੜੇ ਕਠੋਰ ਚਿੱਤ ਵੇਖੇ ਜਾਂਦੇ ਹਨ। ਇਹ ਅਟਲ ਸਚਿਆਈ ਹੈ ਕਿ ਜਿਹੜਾ ਕੋਈ ਸਰਬ-ਸਾਂਝ ਤੋਂ ਵੱਖਰਾ ਹੋ ਕੇ ਕੁਝ ਚਾਹੇਗਾ, ਉਸ ਵਿੱਚੋਂ ਚੱਲਦੇ ਪ੍ਰਵਾਹ ਵਾਲੀ ਲਚਕ ਤੇ ਨਿਰਮਾਣਤਾ ਜਾਂਦੇ ਰਹਿਣਗੇ।

ਮਹਾਰਾਜ ਰਾਮ ਸਿੰਘ ਜੀ ਦਾ ਪਤਲਾ ਸਰੀਰ, ਸੂਖਮ ਆਤਮਾ, ਭਰਾਤ੍ਰੀ ਪ੍ਰੇਮ, ਸੇਵਾ ਦੀ ਚਾਹ, ਦੇਸ਼ ਦਾ ਇਸ਼ਕ, ਚਲਦੇ ਪ੍ਰਵਾਹ ਦੀ ਲਚਕ ਤੇ ਨਿਰਮਲਤਾ ਦੇ ਸਾਖੀ ਹਨ। ਉਹਨਾਂ ਦਾ ਸਾਰਾ ਜੀਵਨ ਏਸ ਬਸੰਤੀ ਰੀਝ ਦਾ ਵਿਕਾਸ ਹੈ, ਕਿ ਆਪਣਾ ਜੀਵਨ ਪ੍ਰਵਾਹ ਦੇਸ ਦੇ ਬੂਟੇ ਬੂਟੇ ਵਿੱਚ ਲੰਘਾ ਦਿੱਤਾ ਜਾਏ ਤੇ ਦੇਸ਼ ਬਾਗ ਦੀ ਖੜ-ਖੜ ਕਰਦੀ ਪਤ-ਝੜੀ ਨੂੰ ਖਿੜ-ਖਿੜ ਪੈਂਦੀ ਬਸੰਤ ਵਿੱਚ ਵਟਾ ਦਿੱਤਾ ਜਾਏ। ਗੁਰੂ ਗੋਬਿੰਦ ਸਿੰਘ ਸਾਹਬ ਦੇ ਪਿੱਛੋਂ ਇਹ ਰੀਝ ਮਜ਼੍ਹਬੀ ਉਤਸ਼ਾਹ ਦੀ ਮਸਤੀ ਵਿੱਚ ਮਹਾਰਾਜ ਰਾਮ ਸਿੰਘ ਦੇ ਬਸੰਤੀ ਹਿਰਦੇ ਵਿੱਚੋਂ ਹੀ ਨਿਕਲੀ ਹੈ। ਥੋੜ੍ਹੇ ਜਿਹੇ ਆਪਣੇ ਸਿੱਖਾਂ ਨੂੰ ਭਜਨ ਬੰਦਗੀ ਦੇ ਰਾਹ ਪਾ ਛੱਡਣਾ ਹੀ ਉਹਨਾਂ ਆਪਣਾ ਕਾਜ ਨਹੀਂ ਸਮਝਿਆ, ਸਗੋਂ ਉਹਨਾਂ ਦੀ ਦੂਰ ਦਰਸ਼ੀ ਅੱਖ ਨੇ ਵੇਖ ਲਿਆ ਤੇ ਸਰਬ ਪਿਆਰ ਦੇ ਹਿਰਦੇ ਨੇ ਅਨੁਭਵ ਕਰ ਲਿਆ ਕਿ ਸ੍ਵੈ-ਪ੍ਰਸੰਨਤਾ ਲਈ ਆਲੇ ਦੁਆਲੇ ਦੀ ਪ੍ਰਸੰਨਤਾ ਅਵੱਸ਼ ਹੈ। ਇੱਕ ਸਫਲ ਦੇਸ਼ ਦੇ ਸਫਲ ਸਮਾਜ ਵਿੱਚੋਂ ਹੀ ਸਫਲ ਜੀਵਨ ਪੈਦਾ ਕੀਤਾ ਜਾ ਸਕਦਾ ਹੈ। ਤੀਤਰੀਆਂ ਦੇ ਖੰਭਾਂ ਦੇ ਰੰਗ ਉਹਨਾਂ ਬੂਟਿਆਂ ਵਰਗੇ ਹੀ ਹੋ ਜਾਂਦੇ ਹਨ ਜਿਨ੍ਹਾਂ ਦੁਆਲੇ ਉਹ ਉੱਡਦੀਆਂ ਹਨ। ਗੁਲਾਮ ਦੇਸ, ਵਹਿਮਾਂ ਬੱਧੀ ਸਮਾਜ ਤੇ ਜਾਹਿਲ ਗੁਰਬਤ ਵਿੱਚੋਂ ਜੀਵਨ ਮੁਕਤ ਪੈਦਾ ਕਰਨੇ ਕਠਨ ਹਨ।

ਏਸ ਅਨੁਭਵਤਾ ਨੇ ਮਹਾਰਾਜ ਰਾਮ ਸਿੰਘ ਜੀ ਦਾ ਜੀਵਨ ਆਮ ਮਜ਼੍ਹਬੀ ਪੇਸ਼ਵਾਆਂ ਨਾਲੋਂ ਵੱਖਰਾ ਬਣਾ ਦਿੱਤਾ। ਉਹਨਾਂ ਨੇ ਸਭ ਤੋਂ ਪਹਿਲੋਂ ਸਮਾਜ ਦੇ ਬੰਧਨ ਖੋਹਲੇ, ਇਸਤਰੀਆਂ ਦਾ

ਪਰਦਾ ਹਟਾਇਆ, ਵਿਆਹ ਸੁਖਾਲੇ ਕੀਤੇ, ਖਾਣਾ ਪੀਣਾ ਤੇ ਪਹਿਰਾਵਾ ਸਾਦਾ ਕੀਤਾ, ਮਾਸ ਸ਼ਰਾਬ ਦੀਆਂ ਸੁਆਦਲੀਆਂ ਖੁੱਭਣਾਂ ਚੋਂ ਕੱਢਿਆ, ਹਰ ਭਾਂਤ ਦੇ ਵਿਖਾਲੇ ਨੂੰ ਵਿਵਰਜਿਤ ਕੀਤਾ। ਇਮਾਰਤਾਂ ਦੇ ਜਾਦੂ ਤੋਂ ਜਾਨ ਛਡਾਈ, ਭਜਨ ਕੀਰਤਨ ਲਈ ਖੁਲ੍ਹੇ ਆਕਾਸ਼ ਦੇ ਪ੍ਰਭਾਵ ਦੀ ਮਹਿਮਾ ਕੀਤੀ, (ਭੈਣੀ ਸਾਹਿਬ ਵਿਖੇ ਅੰਮ੍ਰਿਤ ਵੇਲੇ ਦੇ ਦੀਵਾਨ ਬਾਹਰ ਮੈਦਾਨ ਵਿੱਚ ਹੀ ਲੱਗਦੇ ਹਨ। ਉਥੇ ਆਲੀਸ਼ਾਨ ਛੱਡ ਕੇ , ਸਾਦਾ ਜਿਹਾ ਗੁਰਦੁਆਰਾ ਵੀ ਨਹੀਂ, ਪਰ ਜੋ ਰਸ ਕੀਰਤਨ ਦਾ ਉਥੇ ਹੈ, ਉਹ ਮੈਨੂੰ ਕਿਸੇ ਹੋਰ ਥਾਂ ਨਹੀ ਆਇਆ) ਕਿਰਤ ਕਰਕੇ ਖਾਣ ਨੂੰ ਜ਼ਿੰਦਗੀ ਦੇ ਮੁੱਖ ਨੇਮਾਂ ਵਿੱਚ ਸ਼ਾਮਲ ਕੀਤਾ। ਕੋਈ ਨਾਮਧਾਰੀ ਸਾਧੂ ਜਾਂ ਮੰਗਤਾ ਅਜੇ ਤੱਕ ਮੇਰੇ ਕੋਲ ਨਹੀ ਆਇਆ। ਮਹਾਰਾਜ ਜੀ ਦਾ ਮੈਂ ਇਹ ਬੜਾ ਉਪਕਾਰ ਸਮਝਦਾ ਹਾਂ ਕਿਉਂਕਿ ਧਾਰਮਿਕ ਮੰਗਤੇ ਨਾਲੋਂ ਸਬਰ ਨੂੰ ਛਿਥਿਆਂ ਪਾਣ ਵਾਲੀ ਸੂਰਤ ਹੋਰ ਮੈਨੂੰ ਕੋਈ ਨਹੀਂ ਜਾਪਦੀ।

ਏਸ ਤੋਂ ਪਿੱਛੋਂ ਉਹਨਾਂ ਸਾਰੇ ਦੇਸ਼ ਦੀ ਭਲਿਆਈ ਨੂੰ ਸਾਹਮਣੇ ਰੱਖਿਆ। ਕਿਉਂਕਿ ਚੰਗੇ ਬਾਗਾਂ ਵਿੱਚ ਹੀ ਚੰਗੇ ਪੰਛੀ ਰਹਿ ਸਕਦੇ ਹਨ, ਅਮੀਰ ਹਰਿਆਵਲਾਂ ਵਿੱਚ ਹੀ ਪੰਛੀਆਂ ਦੇ ਖੰਭਾਂ ਉੱਤੇ ਅਮੀਰੀ ਦੀ ਝਲਕਾਰ ਆ ਸਕਦੀ ਹੈ। ਦਲਿਦਰੀ ਮੁਲਕਾਂ ਵਿੱਚ ਮਜ਼ਬ ਤੇ ਕਈ ਚੰਗੇ ਚੰਗੇ ਪੈਦਾ ਹੋ ਸਕਦੇ ਹਨ, ਜੀਕਰ ਰੋਗੀ ਸ਼ਹਿਰਾਂ ਵਿੱਚ ਯੋਗ ਹਕੀਮ, ਪਰ ਰਾਮ ਨਗਰੀ ਨਹੀਂ ਆਬਾਦ ਹੋ ਸਕਦੀ। ਰਾਮ ਨਗਰੀ ਵਸਾਣ ਲਈ ਹੱਸਦੀ, ਰਸਦੀ ਤੇ ਸੁਤੰਤਰਤਾ ਲੋਕਾਈ ਦੀ ਲੋੜ ਹੈ।

ਏਸ ਲਈ ਖੁਸ਼ਹਾਲੀ ਤੇ ਸੁਤੰਤਰਤਾ ਨੂੰ ਮਹਾਰਾਜ ਨੇ ਆਪਣਾ ਵਿਰਦ ਬਣਾ ਲਿਆ। ਸੁਤੰਤਰ ਦੇਸ਼ ਦੀ ਖਾਬ ਆਪਣੇ ਸਿਖਾਂ ਦੇ ਮਨਾਂ ਵਿੱਚ ਵਸਾ ਦਿੱਤੀ। ਸ੍ਵਦੇਸ਼ੀ ਦਾ ਅਜਿਹਾ ਮੰਤਰ ਪੜ੍ਹਾਇਆ ਕਿ ਕਾਂਗਰਸ ਨਾਲੋਂ ਵੀ ਵਧੀਕ ਸੁੱਚੇ ਸੁਦੇਸ਼ੀ ਜੇ ਲੱਭਣੇ ਹੋਣ ਤਾਂ ਨਾਮਧਾਰੀਆਂ ਵਿੱਚੋਂ ਹੀ ਮਿਲਣਗੇ। ਕਾਂਗਰਸ ਦੀ ਪ੍ਰਭੁਤਾ ਜਦੋਂ ਘੱਟ ਜਾਂਦੀ ਹੈ, ਸ੍ਵਦੇਸ਼ੀ ਦੀ ਵਰਤੋਂ ਵੀ ਘੱਟ ਜਾਂਦੀ ਹੈ, ਪਰ ਨਾਮਧਾਰੀ ਕੋਈ ਟਾਵਾਂ ਹੀ ਐਸਾ ਲਭ ਸਕੇਗਾ ਜਿਦ੍ਹੇ ਲਈ ਸਵਦੇਸ਼ੀ ਉਹਦੇ ਧਾਰਮਿਕ ਭਰੋਸੇ ਦਾ ਅੰਗ ਨਹੀਂ ਬਣ ਚੁੱਕਿਆ।

ਆਮ ਤੌਰ ਤੇ ਧਰਮ ਸਰਕਾਰ ਦੀ ਆਸਾਨੀ ਹੁੰਦਾ ਹੈ ਤੇ ਧਾਰਮਿਕ ਗੱਦੀਆਂ ਉੱਤੇ ਵਿਰਾਜਨ ਵਾਲੇ ਵਕਤ ਦੀ ਸਰਕਾਰ ਦੇ ਭਾਈਵਾਲ ਹੁੰਦੇ ਹਨ। ਸਰਕਾਰ ਦਾ ਹੱਥ ਉਹਨਾਂ ਦੀਆਂ ਕੰਡਾਂ ਉੱਤੇ ਤੇ ਉਹਨਾਂ ਦੀਆਂ ਸਾਰੀਆਂ ਪੈਨਸ਼ਨ-ਗੱਦੀਆਂ, ਇਲਹਾਮ, ਉਪਦੇਸ਼ ਉਸ ਦੀ ਸੇਵਾ ਲਈ ਹਾਜ਼ਰ ਹੁੰਦੇ ਹਨ, ਪਰ ਮਹਾਰਾਜ ਰਾਮ ਸਿੰਘ ਜੀ ਨੇ ਇਹ ਪੁਸ਼ਪ-ਸੇਜਾ ਤਿਆਗ ਕੇ ਜਲਾਵਤਨੀ ਦੇ ਕੰਡਿਆਂ ਵਿੱਚ ਵਿਝਣਾ ਪ੍ਰਵਾਨ ਕੀਤਾ। ਉਹ ਵੀ ਜੇ ਚਾਹੁੰਦੇ ਤਾਂ ਹੋਰਨਾਂ ਵਾਂਗ ਅਖੌਤੀ ਧਰਮ ਦੇ ਪ੍ਰਚਾਰ ਦੇ ਆਸਰੇ ਨਿਰੀ ਮਾਨਤਾ ਤੇ ਅਮੀਰੀ ਵਿੱਚ ਰਹਿ ਸਕਦੇ ਸਨ ਤੇ ਹੋ ਸਕਦਾ ਹੈ, ਸਰਕਾਰ ਕਦੇ ਉਹਨਾਂ ਦੀ ਗੱਦੀ ਨੂੰ ਵੀ 'ਸਰ' ਦਾ ਖਿਤਾਬ ਦੇ ਦੇਂਦੀ, ਪਰ ਅੱਜ ਇਹ ਗੱਦੀ ਏਨੇ ਵਰ੍ਹਿਆਂ ਦੀ ਇਹਤਿਆਤ ਦੇ ਬਾਵਜੂਦ ਵੀ ਬਾਗੀਆਂ ਵਿੱਚ ਗਿਣੀ ਜਾਂਦੀ ਹੈ। ਧਾਰਮਿਕ ਜਮਾਤ ਕੀਹ ਆਖ ਤੇ ਆਪਣੀ ਜਮੀਰ ਉੱਤੇ ਸਰਕਾਰੀ ਕ੍ਰਿਪਾ ਵਾਰ ਸਕਣ ਦੀ ਦਲੇਰੀ ਕੀਹ ਆਖ।

ਇਹ ਕ੍ਰਿਸ਼ਮਾ ਮਹਾਰਾਜ ਰਾਮ ਸਿੰਘ ਜੀ ਦੀ ਬਸੰਤੀ ਰੀਝ ਦਾ ਹੈ, ਜਿਸ ਰੀਝ ਨਾਲ ਉਹਨਾਂ ਹਿੰਦੁਸਤਾਨ ਨੂੰ ਇੱਕ ਸੁਤੰਤਰ ਦੇਸ਼ ਬਣਾਉਣ ਲਈ ਆਪਣਾ ਸਭ ਕੁਝ ਅਰਪਣ ਕਰ ਦਿੱਤਾ। ਏਸੇ ਰੀਝ ਨੂੰ ਪੂਰਿਆਂ ਕਰਨ ਲਈ ਉਹਨਾਂ ਆਪਣੇ ਸਿੱਖਾਂ ਨੂੰ ਸੇਵਾ ਦਾ ਸਬਕ ਦਿੱਤਾ। ਮੁੜ ਗੁਰੂ ਗੋਬਿੰਦ ਸਿੰਘ ਸਾਹਿਬ ਵਾਲੀ ਖਾਲਸਾ ਫੌਜ ਸਾਜਣ ਦਾ ਜਤਨ ਕੀਤਾ, ਉਹ ਫੌਜ ਜਿਹੜੀ ਆਪਣੇ ਸੁਆਦਾਂ ਤੇ ਅਰਥਾਂ ਨੂੰ ਲੋਕ ਸੇਵਾ ਤੋਂ ਵਾਰ ਸਕੇ। ਆਪਣੇ ਲਈ ਸਾਰੀ ਦੁਨੀਆਂ ਜੀਉਂਦੀ ਹੈ, ਪਰ ਖਾਲਸਾ ਉਹਨਾਂ ਆਤਮਾ ਦਾ ਸੰਗਠਨ ਤਜਵੀਜ਼ ਕੀਤਾ ਗਿਆ ਸੀ, ਜਿਹੜੀਆਂ ਦੂਜਿਆਂ ਲਈ ਜੀਉਣ ਤੇ ਮਰਨ ਲਈ ਤਿਆਰ ਹੋਣ। ਇਹ ਜੀਉਂਦੇ ਸ਼ਹੀਦਾਂ ਦਾ ਲਸ਼ਕਰ ਸੀ। ਨਿਜ-ਮੁਕਤੀ ਤੇ ਨਿਜ-ਸੁੱਖਾਂ ਦੇ ਚਾਹਵਾਨ ਖਾਲਸਾ ਨਹੀਂ ਆਖੇ ਜਾ ਸਕਦੇ। ਉਹ ਆਮ ਖਲਕਤ ਹਨ।

ਏਸ ਭਾਵ ਨਾਲ ਮਹਾਰਾਜ ਰਾਮ ਸਿੰਘ ਜੀ ਨੇ ਆਪਣੀ ਨਾਮਧਾਰੀ ਫੌਜ ਲਈ ਸੁਆਦ ਵਰਜ ਦਿੱਤੇ। ਲੋਕ-ਸੇਵਾ ਦਾ ਆਦਰਸ਼ ਸਭ ਤੋਂ ਮੋਹਰੇ ਰੱਖਿਆ। ਜੇ ਨਾਮਧਾਰੀ ਅੱਜ ਉਸ ਆਦਰਸ਼ ਨਾਲ ਪੂਰੇ ਹੋਏ ਨਹੀਂ ਜੀਉ ਰਹੇ, ਤਾਂ ਉਹ ਆਪਣੇ ਸਤਿਗੁਰੂ ਦੀ ਰੀਝ ਅਨੁਸਾਰ ਜੀਵਣ ਬਤੀਤ ਨਹੀਂ ਕਰ ਰਹੇ। ਮਹਾਰਾਜ ਦਾ ਆਸ਼ਾ ਨਾਮਧਾਰੀਆਂ ਦੀ ਗਿਣਤੀ ਵਧਾਣ ਲਈ ਟੈਕਨੀਕਲ ਗੁਰਮੰਤਰ ਪੜ੍ਹਾਣਾ ਨਹੀਂ ਸੀ, ਉਹ ਆਪਣੇ ਦੇਸ਼ ਵਿੱਚ ਓਹੋ ਬਸੰਤ ਖਿੜੀ ਵੇਖਣੀ ਚਾਹੁੰਦੇ ਸਨ, ਜਿਹੜੀ ਉਹਨਾਂ ਦੀ ਆਪਣੀ ਆਤਮਾਂ ਵਿੱਚੋਂ ਫੁੱਟ ਨਿਕਲੀ ਸੀ।

ਉਹ ਚਾਹੁੰਦੇ ਸਨ ਕਿ ਸਾਵੀਆਂ ਪੈਲੀਆਂ ਪੀਲੇ ਫੁੱਲਾਂ ਨਾਲ ਟਹਿਕਨ, ਲੱਦੇ ਬਾਗਾਂ ਵਿੱਚ ਪੰਛੀ ਚਹਿਕਣ, ਪੱਕੇ ਥੰਨਿਆਂ ਉੱਤੇ ਕਾਮੇ ਹਸਣ, ਹਰੇ ਚਮਨਾਂ ਵਿੱਚ ਬੱਚੇ ਖੇਡਣ, ਸੁਛ ਵਿਹੜਿਆਂ ਵਿੱਚ ਚੂੜੇ ਛਣਕਣ ਤੇ ਚਰਖਿਆਂ ਦੀ ਘੁਣਕਾਰ ਆਵੇ, ਮੈਦਾਨਾਂ ਵਿੱਚ ਕਬੱਡੀਆਂ ਮੱਚਣ, ਮੰਡੀਆਂ

ਵਿੱਚ ਥੋਰ ਲਿਸ਼ਕਣ, ਵੱਗਾਂ ਵਿੱਚ ਵਛਿਆਂ ਦੇ ਘੁੰਘਰੂ ਠਨਕਣ, ਕੌਂਸਲਾਂ ਵਿੱਚ ਮੁਦੱਬਰ ਸੱਜਣ ਤੇ ਦੇਸ ਦੀ ਧਰਤੀ ਉੱਤੇ ਹਿੰਦੂ ਮੁਸਲਿਮ ਸਿੱਖ ਲਾਪਰਵਾਹ ਤੇ ਭਰੋਸੇ ਭਰੀ ਚਾਲ ਢਾਲ ਨਾਲ ਰੁੱਝੇ ਦਿੱਸਣ, ਜੀਕਰ ਕੋਈ ਮਾਲਕ ਆਪਣੇ ਘਰ ਦੇ ਵਿਹੜੇ ਵਿੱਚ ਹੁੰਦਾ ਹੈ, ਜਾਂ ਬਸੰਤ ਰੁੱਤ ਲਹਿ ਲਹਿ ਕਰਦੀਆਂ ਪੈਲੀਆਂ ਵਿੱਚ ਵਿਗਸ ਵਿਗਸ ਪਈ ਪੈਂਦੀ ਹੈ।

ਜਿਸ ਪੈਲੀ 'ਚੋਂ ਕਦੇ ਕਿਸੇ ਸਿੱਟੇ ਨੇ ਸਿਰ ਨਹੀਂ ਚੁੱਕਿਆ ਉਸ ਵਿੱਚ ਹਲ ਵਾਹਿਆ ਵੀ ਕਿਸ ਕੰਮ? ਜਿਸ ਧਨੀ ਦੇ ਬੱਚਿਆਂ ਗਲ ਲੀਰ ਵਗਣ, ਉਹਦਾ ਬੈਂਕਾਂ ਵਿੱਚ ਜੁੜਿਆ ਧਨ ਕਿਸ ਅਰਥ? ਜਿਸ ਖਲਕਤ ਦੇ ਸਿਰ ਤਲਵਾਰਾਂ ਮਾਰੀਆਂ, ਉਹਦੀ ਖਾਲਕ ਦੀ ਪੂਜਾ ਕਿਸ ਲੇਖੇ? ਉਹ ਮਜ਼੍ਹਬ ਕੀਹ ਜਿਦੇ ਪੈਰੋ ਲਾਹੌਰ ਦੀਆਂ ਗਲੀਆਂ ਵਿੱਚ ਲਹੂ ਦੀ ਹੋਲੀ ਖੇਡਣ!

ਮਹਾਰਾਜ ਰਾਮ ਸਿੰਘ ਜੀ ਤੇ ਹੋਰ ਸਾਰੇ ਅਸਲੀ ਮਹਾਂ ਪੁਰਖ ਸਮਾਜ ਦੇ ਆਚਾਰ, ਦੇਸ਼ ਦੀ ਖੁਸ਼ਹਾਲੀ ਤੇ ਸੁਤੰਤਰਤਾ ਨੂੰ ਹੀ ਉਹਨਾਂ ਦੇ ਧਰਮ ਦੀ ਕਸੌਟੀ ਸਮਝਦੇ ਸਨ। ਏਸੇ ਲਈ ਉਹ ਆਪਣਾ ਸਾਰਾ ਅਸਰ ਕੌਮਾਂ ਵਿੱਚ ਜਾਗ੍ਰਤੀ ਪੈਦਾ ਕਰਨ ਲਈ ਵਰਤਦੇ ਹਨ, ਉਹ ਲੋਕਾਂ ਨੂੰ ਉਭਾਰਦੇ ਹਨ, ਸ੍ਵੈ-ਸਨਮਾਨ ਸਿਖਾਂਦੇ ਹਨ, ਬੁੱਤਾਂ ਤੇ ਭਰਮਾਂ ਕੋਲੋਂ ਛੁਡਾ ਕੇ ਕੁਦਰਤ ਵਿੱਚ ਕਾਦਰ ਨੂੰ ਵੇਖਣਾ ਸਿਖਾਂਦੇ ਹਨ, ਪਰ ਧਰਮ ਦੀ ਓਟ ਲੈ ਕੇ ਮਾਨਤਾ ਦੀ ਭੁਖ ਪੂਰੀ ਕਰਨ ਵਾਲੇ ਅਖੌਤੀ ਧਾਰਮਿਕ ਪੁਰਖ ਸੁਰਗ ਦੇ ਲਾਰਿਆਂ ਤੇ ਅਗਲੀ ਦੁਨੀਆਂ ਦੀ ਮੁਕਤੀ ਨਾਲ ਵਰਤਮਾਨ ਜ਼ਿੰਦਗੀ ਦੀ ਮਹਿਮਾ ਘਟਾ ਕੇ ਜਨਤਾ ਨੂੰ ਬੇ ਯਕੀਨ, ਸ਼ੰਕਿਆਂ-ਭਰੀ ਤੇ ਡਾਵਾਂ- ਡੋਲ ਬਣਾ ਦੇਂਦੇ ਹਨ, ਤਾਂਕਿ ਉਹ ਹਮੇਸ਼ਾਂ ਰਹਿਬਰੀ ਦੇ ਮੁਥਾਜ ਰਹਿਣ ਤੇ ਉਹਨਾਂ ਵਿੱਚ ਕਦੇ ਜਾਗ੍ਰਿਤੀ ਪੈਦਾ ਨਾ ਹੋ ਸਕੇ।

ਅਸਲੀ ਮਹਾਂਪੁਰਖ, ਗੁਰੂ ਗੋਬਿੰਦ ਸਿੰਘ ਸਾਹਿਬ ਵਾਂਗ ਆਪਣੀ ਮਾਨਤਾ ਦੇ ਵਿਰੁੱਧ ਬੜੀ ਕਰੜੀ ਆਗਿਆ ਦੇਂਦੇ ਹਨ।

ਅੱਜ ਹਿੰਦੁਸਤਾਨ ਦਾ ਸ਼ੋਕਮਈ ਦਲਿਦਰ, ਸ੍ਵੈ-ਭਰੋਸੇ ਦੀ ਅਣਹੋਂਦ, ਜਹਾਲਤ ਦੀ ਬਹੁਲਤਾ, ਰਸਮਾਂ ਤੇ ਭਰਮਾਂ ਦੀ ਗੁਲਾਮੀ, ਪੁਲੀਟੀਕਲ ਮੱਕਾਰੀ, ਧਾਰਮਿਕ ਨੇਸਤੀ, ਤਅਸੱਬਾਂ ਦੀ ਹਕੂਮਤ ਵੇਖ ਕੇ ਮੇਰੇ ਦਿਲੋਂ ਅਰਜ਼ੋਈ ਉੱਠਦੀ ਹੈ ਕਿ ਚੀਨੀ ਵਾਲੇ ਵਰਗਾ ਕੋਈ ਮਹਾਂਪੁਰਖ, ਜਿਹੜਾ ਧਾਰਮਿਕ ਰੁਚੀਆਂ ਦੀ ਧਰਮ ਭੁਖ ਤੇ ਉੱਨਤੀ ਦੇ ਜਾਚਕਾਂ ਦੀ ਅਕਾਸ਼ ਭੁੱਖ, ਇੱਕੋ ਆਪਣੀ ਉੱਚੀ ਤੇ ਸੁੱਚੀ ਸਖਸ਼ੀਅਤ ਨਾਲ ਲਾਹ ਸਕਦਾ ਹੋਵੇ, ਸਾਡੇ ਦੇਸ਼ ਦੀਆਂ ਤਾਕਤਾਂ ਦੀ ਅਗਵਾਈ ਕਰੇ। ਨਾ ਮਾਦਾ ਪ੍ਰਸਤਾਂ ਦੀ ਧਨ ਦੌੜ ਮਨ ਨੂੰ ਖਿੱਚਦੀ ਹੈ ਤੇ ਨਾ ਧਰਮੀਆਂ ਦੇ ਮੋਰਚੇ, ਪਿਕਟਾਂ ਤੇ ਘ੍ਰਿਣਾ ਖਲਾਰਦੇ ਨਾਹਰੇ ਚੰਗੇ ਲੱਗਦੇ ਹਨ। ਨਾ ਧਨ ਦਾ ਤੋਲ ਪੂਰਾ ਜਾਪਦਾ ਹੈ, ਨਾ ਪਾਠਾਂ ਨਮਾਜ਼ਾਂ ਦੀ ਪਰਖ ਹੀਨ ਤੱਕੜੀ। ਦੋਹਾਂ ਤੱਕੜੀਆਂ ਉੱਤੇ ਖੋਟੇ ਆਦਮੀ ਵੀ ਖਰੇ ਤੋਲੇ ਜਾ ਰਹੇ ਹਨ। ਕਿਸੇ ਸੁੱਚੇ ਤੋਲਣ ਹਾਰੇ ਲਈ ਮਨ ਤਾਂਘਦਾ ਹੈ, ਕਿਸੇ ਧਰਮ ਕਾਂਟੇ ਲਈ ਲੋਚਦਾ ਹੈ, ਪੂਰੇ ਵੱਟਿਆਂ ਦੀ ਮੰਗ ਕਰਦਾ ਹੈ।

ਫੇਰ ਕੀਕਰ ਕਤਲਆਮਾਂ ਨੂੰ ਲੋਕ ਧਾਰਮਕ ਆਣ-ਸ਼ਾਨਾਂ ਆਖਕੇ ਭੁਲੇਖਾ ਪਾ ਸਕਣਗੇ, ਫੇਰ ਕੀਕਰ ਭਰਾਵਾਂ ਦੇ ਕਾਤਲ ਗਾਜ਼ੀ ਤੇ ਸ਼ਹੀਦ ਅਖਵਾ ਸਕਣਗੇ, ਫੇਰ ਕੀਕਰ ਭਰਾਵਾਂ ਦੇ ਦਿਲਾਂ ਵਿੱਚ ਘ੍ਰਿਣਾ ਦਾ ਜ਼ਹਿਰ ਪਾਣ ਵਾਲੇ ਧਾਰਮਿਕ ਲੀਡਰ ਤੇ ਅਮੀਰੁਲ ਮਿਲਤ ਸਮਝੇ ਜਾਣ ਸਕਣਗੇ, ਫੇਰ ਕੀਕਰ ਸਾਂਝੇ ਘਰ ਨੂੰ ਵੈਰੀਆਂ ਦੇ ਹੱਥੀਂ ਵੇਚਣ ਵਾਲੇ ਨਾਮਣੇ ਖੱਟ ਸਕਣਗੇ। ਬਗਲੇ ਭਗਤਾਂ ਦੀ ਸਮਾਧੀ ਦਾ ਪਾਜ ਖੁਲ੍ਹ ਜਾਏਗਾ। ਝੂਠੇ ਵਰਾਗਾਂ ਦੀ ਤਹਿ ਵਿੱਚੋਂ ਫਰੇਬੀ ਐਸ਼ ਦਾ ਮੂੰਹ ਨੰਗਾ ਹੋ ਜਾਇਗਾ, ਤੇ ਪੰਥ, ਕੌਮ, ਦੇਸ਼ ਮਜ਼ਬੀਆਂ ਦੀ ਓਟਾਂ ਵਿੱਚੋਂ ਲੁੱਕ ਲੁੱਕ ਕੇ ਖਲਕਤ ਦਾ ਖੂਨ ਕਰਨ ਵਾਲਿਆਂ ਦੇ ਹਥਿਆਰ ਖੋਹ ਲਏ ਜਾਣਗੇ।

ਫੇਰ ਕੀ ਹੋਵੇਗਾ? ਜੋ ਮਹਾਰਾਜ ਰਾਮ ਸਿੰਘ ਜੀ ਦੀ ਰੀਝ ਸੀ।

"ਭੈਣਾਂ ਦੇ ਤਨ ਕੱਜੇ ਹੋਣਗੇ, ਭਰਾਵਾਂ ਦੇ ਢਿੱਡ ਭਰੇ ਹੋਣਗੇ, ਨਫਾਕ ਦਾ ਡੇਰਾ ਉਖੜੇਗਾ, ਪਿਆਰ ਦਾ ਸੂਰਜ ਚਮਕੇਗਾ, ਭਰਾ ਨੂੰ ਭਰਾ ਨਾਲ ਮਿਲਨੋਂ ਆਰ ਨਹੀਂ ਹੋਵੇਗੀ, ਰਹੇਗਾ ਬ੍ਰਹਿਮਣ ਜਾਂ ਕੋਈ ਚੁਮਾਰ ਨਹੀਂ, ਬੰਦਾ ਬੰਦਾ ਨਿਵਾਜ਼ ਨੂੰ ਵੇਖ ਲਏਗਾ, ਅਨੇਕ ਦੀ ਓਟ ਵਿੱਚ ਲੁੱਕੇ ਉਸ ਇੱਕ ਨੂੰ ਪੇਖ ਲਏਗਾ। ਗ਼ਨੀਮ ਰਹੇਗਾ ਨਾ ਫ਼ਕੀਰ ਰਹੇਗਾ, ਨਾ ਪਾਕ ਤੇ ਨਾ ਕੋਈ ਹਕੀਰ ਰਹੇਗਾ, ਨਫਾਕ ਦਾ ਸਾਇਆ ਦੂਰ ਹੋਵੇਗਾ, ਜਦੋਂ ਮਹਿਰਮ ਆਲਮ ਦਿੱਸ ਪਵੇਗਾ।

ਫੇਰ ਸਭ ਰੂਹਾਂ ਆਜ਼ਾਦ ਹੋਣਗੀਆਂ, ਨਾ ਕੌਮ ਦੀ ਕੈਦ, ਨਾ ਜਾਤ ਦੀ ਵੰਡ ਹੋਵੇਗੀ, ਨਾ ਕੋਈ ਮਹਿਕੂਮ ਤੇ ਨਾ ਕੋਈ ਹੁਕਮਰਾਨ ਹੋਣਗੇ, ਸਭੇ ਰਾਸਤੀ ਦੀ ਰਾਹ ਵਿੱਚ ਸ਼ਾਦਮਾਨ ਹੋਣਗੇ।

"ਬਹਾਰ ਆਇਗੀ ਮੁੜ ਏਥੇ, ਉਖਾੜੇਗਾ ਖਿਜ਼ਾਂ ਡੇਰਾ
ਬਹਿਸ਼ਤ ਹੋਇਗਾ ਧਰਤ ਉੱਤੇ, ਮੁੜ ਇਹ ਹਿੰਦੋਸਤਾਂ ਮੇਰਾ"

(ਸਤਿਜੁਗ ੧੦ ਮਾਘ ਸੰਮਤ ੧੯੯੨)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਗਟ ਹੋਣਾ

—ਸਵ: ਸੰਤ ਸੰਤੋਖ ਸਿੰ ਾਹੂਵਾਲ

ਬਾਬਾ ਜੱਸਾ ਸਿੰਘ

ਬਾਬਾ ਜੱਸਾ ਸਿੰਘ ਜੋ ਕਾਰੀਗਰ ਸੀ ਤਿਸਨੇ ਬੜਾ ਭਜਨ ਕੀਤਾ ਰਾਮ ਰਾਮ ਦਾ ਔਰ ਸਾਧੂ ਸੁਭਾਉ ਕਾ ਸੀ। ਕਿਸੇ ਦਾ ਕੰਮ ਕਰਦੇ ਹੋਣਾ, ਜੇ ਹੋਰ ਕੋਈ ਕਹੇ ਜੀ ਮੇਰਾ ਕਰੋ, ਉਸ ਦਾ ਕੰਮ ਕਰਨ ਲੱਗ ਜਾਣਾ। ਖੇਤ ਬੀਜ ਔਣਾ ਫ਼ੇਰ ਖ਼ਬਰ ਨਹੀਂ ਰੱਖਣੀ। ਸਿੰਘਣੀ ਰੋਜ਼ ਕਹੇ ਕਿ ਤੂੰ ਖ਼ਬਰ ਨਹੀਂ ਲੈਂਦਾ ਹੈਂ ਖੇਤ ਦੀ। ਏਕ ਦਿਨ ਗਿਆ ਖੇਤ ਦੇਖਣ। ਏਕ ਸਰੀਰ ਭਰੀ ਬੰਨ੍ਹ ਕੇ ਉਠੌਣ ਲੱਗਾ। ਬਾਬੇ ਜੱਸਾ ਸਿੰਘ ਨੇ ਭੂੰਬ ਮਾਰੀ ਹੋਈ ਸੀ, ਕੋਲੋਂ ਦੀ ਲੰਘ ਚੱਲਿਆ। ਉਸ ਸਰੀਰ ਨੇ ਸਮਝਿਆ ਜੋ ਰਾਹੀ ਜਾਂਦਾ ਹੈ। ਅਵਾਜ਼ਾ ਮਾਰ ਕੇ ਸੱਦਿਆ। ਜੱਸੇ ਨੇ ਆਪਣੇ ਖੇਤ ਦੀ ਭਰੀ ਉਸ ਨੂੰ ਚੁੱਕਾ ਦਿੱਤੀ। ਜਿਹੜੇ ਪਸ਼ੂ ਨੂੰ ਉਸਨੇ ਪੱਠੇ ਪਾਏ ਉਹ ਮਰ ਗਿਆ। ਫ਼ੇਰ ਇਕ ਵਾਰੀ ਬੋਹਲਾ[1] ਬਨ੍ਹਾਇਆ ਹੋਇਆ ਚੋਰਾਂ ਨੇ ਚੁੱਕਿਆ। ਜੱਸਾ ਦੇਖਦਾ ਰਿਹਾ ਪਰ ਬੋਲਿਆ ਨਹੀਂ। ਜਿਸ ਜਿਸ ਨੇ ਜਾਇਕੇ ਛਕਿਆ ਸੋ ਮਰ ਗਿਆ। ਚੋਰਾਂ ਸਮਝਿਆ ਜੋ ਏਹ ਕਰਾਮਾਤੀ ਹੈ, ਸੰਤ ਹੈ। ਏਸ ਦੇ ਖੇਤ ਦਾ ਪੱਠਾ ਨਾ ਛੇੜਿਆ ਕਰੋ। ਜੋ ਕਿਸੇ ਦਾ ਪਸ਼ੂ ਬਾਬਾ ਜੱਸੇ ਦੀ ਪੈਲੀ ਵੱਲ ਜਾਵੇ ਤਾਂ ਦੂਰੋਂ ਹੀ ਮੋੜ ਲੈਣਾ ਕਿ ਕਿਸੇ ਨੇ ਪੱਠਾ ਖਾ ਲਿਆ ਤਾਂ ਮਰ ਜਾਏਗਾ।

ਸਤਿਗੁਰੂ ਰਾਮ ਸਿੰਘ ਜੀ ਪ੍ਰਗਟ ਹੋਏ

ਜਬ ਮਾਈ ਸਦਾ ਕੌਰ ਕੇ ਪ੍ਰਸੂਤ ਹੋਨੇ ਕਾ ਸਮਾ ਆਇਆ ਤਾਂ ਏਕ ਮਸ਼ਕ ਜੈਸਾ ਆਕਾਰ ਜਨਮਿਆ। ਦਾਈ ਨੇ ਦੇਖਿਆ ਮਾਸ ਸ੍ਵਾਸ ਬਿਨਾਂ ਹੈ। ਬਾਬੇ ਜੱਸਾ ਸਿੰਘ ਜੀ ਕੇ ਆਗੇ ਲਿਆਇ ਰੱਖਿਆ। ਬਾਬਾ ਜੀ ਏਕ ਤਿਨਖਾ ਲੈ ਕੇ ਛੇੜਿਆ, ਜਲ ਜੇਹਾ ਹੋਇ ਫਿੱਸਿਆ। ਬਾਬਾ ਜੀ ਦੇਖ ਕੇ ਅਸਚਰਜ ਰਹੇ। ਉਸੀ ਵਕਤ ਟੋਆ ਕੱਢ ਕੇ ਘਰ ਮੈ ਦਬਾਇ ਦੀਆ। ਦਾਈ ਘਰ ਕੋ ਚਲੀ ਗਈ[2]। ਮਾਈ ਸਦਾ ਕੌਰ ਜੀ ਇਸ਼ਨਾਨ ਕਰਕੇ ਪਵਿਤ੍ਰ ਹੋਏ। ਬਾਬਾ ਜੱਸਾ ਸਿੰਘ ਤੇ ਮਾਈ ਜੀ ਦੋਨੋਂ ਆਪਸ ਮੇਂ ਗੱਲਾਂ ਕਰਨੇ ਲੱਗੇ। ਬਾਬਾ ਜੀ ਕਹਿਆ ਸਾਡੇ ਘਰ ਮਸ਼ਕ ਜਨਮੀ ਹੈ, ਲੋਕ ਮਸ਼ਖਰੀਆਂ ਕਰਨਗੇ। ਹੱਛਾ ਪ੍ਰਮੇਸ਼ਰ ਜੀ ਜੋ ਤੇਰੀ ਰਜਾਇ ਹੈ। ਬੇਸਗਨੀ ਜਹੀ ਬਾਰਤਾ ਹੋਈ ਹੈ। ਹੇ ਰਾਮ ਏਓ ਕੀ ਹੋਇ ਗਿਆ ਹੈ ? ਏਓ ਕੀ ਭਾਣਾ ਵਰਤਾਇਆ ਹੈ ? ਇਸੀ ਤਰ੍ਹਾਂ ਕੀਆਂ ਸੋਚਾਂ ਕਰਨੇ ਲੱਗੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਲਕ ਰੂਪ ਧਾਰਕੇ ਸੰਮਤ ੧੮੭੨ ਬਿਕ੍ਰਮੀ, ਮਾਘ ਸੁਦੀ ਪੰਚਮੀ ਤੇ ਛੱਟ ਦੀ ਵਿਚਕਾਰਲੀ ਰਾਤ, ਅੱਧੀ ਰਾਤ ਤੋਂ ਬਾਅਦ ਰਾਈਆਂ ਨਗਰ ਵਿੱਚ ਮਾਈ ਸਦਾ ਕੌਰ ਕੀ ਗੋਦ ਮੈ ਪ੍ਰਗਟ ਭਏ।[3] ਮਾਈ ਕੁਦਰਤ ਦਾ ਰੂਪ ਦੇਖਕੇ ਅਸਚਰਜ ਰਹੀ ਅਰ ਪ੍ਰਸੰਨ ਹੋਈ। ਸੁੰਦਰ ਸਰੂਪ ਦੇਖਕੇ ਜਾਣਿਆ ਜੋ ਏਓ ਆਪ ਪ੍ਰਮੇਸਰ ਜੀ ਆਏ ਹੈਂ, ਕਿਉਂਕਿ ਗਰਭ ਸੇ ਨਹੀਂ ਆਏ। ਨਿਰਗੁਣ ਤੇ ਸਰਗੁਣ ਰੂਪ ਧਾਰਿਆ ਹੈ। ਮਾਤਾ ਸਦਾ ਕੌਰ ਜੀ ਬੜੀ ਪ੍ਰਸੰਨ ਹੋਈ। ਬਾਬਾ ਜੀ ਭੀ ਦੇਖਕੇ ਪ੍ਰਸੰਨ ਹੋਏ। ਸੁੱਕੇ ਮਨ ਜੋ ਸੇ ਸੋ ਹਰੇ ਹੋਇ ਆਏ। ਜੋਤ ਸਰੂਪ ਕਾ ਦਰਸ਼ਨ ਕਰਕੇ ਕੰਵਲ ਟਹਿਕ ਆਏ। ਇਸ ਕੌਤਕ ਕੋ ਮਾਤਾ ਸਦਾ ਕੌਰ ਜਾਣਦੇ ਹੈਂ। ਜਾਂ ਦੁੱਧੀ ਮੁੱਖ ਮੈ ਦੇਣ ਲੱਗੀ ਮਾਈ ਤਾਂ ਦੁੱਧੀ ਨਾ ਲਾਈ। ਬਾਬਾ ਜੱਸਾ ਸਿੰਘ ਜੀ ਸੁੱਚਾ ਜਲ ਭਰ ਆਂਦਾ। ਲੇਪਨ ਦੇ ਕੇ ਧੂਪ ਧੁਖਾਇਕੇ ਅਰਜ਼ ਕੀਤੀ ਗੁਰੂ ਨਾਨਕ ਦੇਵ ਜੀ ਕਿਰਪਾ ਕਰੋ ਜੋ ਬਾਲ ਦੁੱਧੀ ਲਵੇ। ਦੁੱਧੀ ਸੁੱਚੇ ਜਲ ਨਾਲ ਧੋਤੀ ਤਾਂ ਲਈ। ਹਰ ਤਰਫ਼ ਸੇ ਖੁਸ਼ੀ ਹੋਈ।

ਮੁਖਵਾਕ— ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ।
(ਭੈਰਉ ਮ: ੫, ਪੰਨਾ ੧੧੩੬)।

ਹੋਰ— ਸੋਲਹ ਕਲਾ ਸੰਪੂਰਨ ਫਲਿਆ।
ਅਨਤ ਕਲਾ ਹੋਇ ਠਾਕੁਰੁ ਚੜਿਆ।
(ਮਾਰੂ ਮ: ੫, ਪੰਨਾ ੧੦੮੧)

ਸੋ ਠਾਕੁਰ ਅਬਿਨਾਸ਼ੀ ਹੈ। ਧਰਤੀ ਨੇ ਜਾਣਿਆ ਮੇਰੀ ਬੇਨਤੀ ਸੁਣਕੇ ਆਏ ਹੈਂ। ਮੇਰੇ ਭਾਰ ਕੋ ਨਵਿਰਤ ਕਰੇਂਗੇ। ਧਰਮ ਨੇ ਜਾਣਿਆ ਮੇਰੀ ਸਹਾਇਤਾ ਕਰੇਂਗੇ। ਬੜਾ ਕੋਲਾਹਲ ਹੋਇਆ, ਬੜੀ ਖੁਸ਼ੀ ਕੀਤੀ। ਦੇਵਤੇ ਦਰਸ਼ਨ ਕੋ ਆਏ। ਚਰਨਾਂ ਪਰ ਸੀਸ ਨਿਵਾਇਆ ਤੇ ਆਪੋ ਆਪਣੀਆਂ ਪੁਰੀਆਂ ਕੋ ਗਏ। ਚੌਦਾਂ ਲੋਕਾਂ ਮੇਂ ਵਧਾਈਆਂ ਤੇ ਖੁਸ਼ੀਆਂ ਹੋਈਆਂ।

ਸੁੰਦਰ ਸਰੂਪ

ਸੁੰਦਰ ਸਰੂਪ ਦੇਖਕੇ ਧੀਰਜ ਆਇ ਜਾਂਦੀ ਹੈ। ਖੰਡਾਂ ਬ੍ਰਹਿਮੰਡਾਂ ਦੀ ਜੋਤ ਸਰਬ ਬਿਆਪੀ, ਕੋਟ ਸੂਰਜ ਦਾ ਪ੍ਰਕਾਸ਼, ਸੂਰਜ ਬੰਸ ਕੇ ਮਾਲਕ ਬਾਢੀ ਬੰਸ ਮੇ ਆਇ ਅਵਤਾਰ ਧਾਰਿਆ ਹੈ। ਲਾਲ ਵਾਂਗੂੰ ਮੂਰਤੀ ਦਮਕਦੀ ਹੈ। ਸਰੀਰ ਮੇ ਗੰਢ ਨਹੀਂ ਹੈ ਜੈਸੇ ਜੀਆਂ ਕੇ ਜੋੜ ਤੇ ਗੰਢਾਂ ਹੋਨ। ਸਰੂ ਵਾਂਗੂੰ ਸਰੀਰ ਪਤਲਾ, ਸੂਖਮ ਅੰਗ ਪਤਲੇ ਹੈਂ। ਜੈਸੇ ਸੂਰਜ ਚੜ੍ਹਦਾ ਹੈ ਤਿਸੀ ਤਰ੍ਹਾਂ ਦਿਲਾਂ ਕੇ ਅੰਧੇਰੇ ਕੋ ਦੂਰ ਕਰਨਗੇ। ਪਾਪੀਆਂ ਕੋ ਸੇਕ ਪਹੁੰਚੇਗਾ ਸੰਤਾਂ ਕੋ ਖੁਸ਼ੀ ਹੋਵੇਗੀ। ਧਰਮ ਵਧੇਗਾ ਪਾਪ ਘਟੇਗਾ।

---

੧. ਦਾਣਿਆਂ ਦਾ ਢੇਰ ੨. ਬਖਸ਼ੀ ਹਰਦੇਵ ਸਿੰਘ ਅਨੁਸਾਰ ਰਹਮਤੇ ਕਸ਼ਮੀਰਨ ਨਾਂ ਸੀ ਦਾਈ ਦਾ। ੩. ੩ ਫਰਵਰੀ ੧੮੧੬ ਈ.।

ਦਿਨ ਚੜ੍ਹਿਆ ਤਾਂ ਵਧਾਈਆਂ ਮਿਲਨੇ ਲੱਗੀਆਂ। ਗੁੜ ਪ੍ਰਸ਼ਾਦ ਵਰਤਾਵਣੇ ਲਗੇ। ਦਾਈ ਨੇ ਭੀ ਸੁਣਿਆ। ਕਹਿਣੇ ਲੱਗੇ ਪੁੱਤਰ ਕਿੱਥੋਂ ਹੋਣਾ ਹੈ। ਮਸ਼ਕ ਜੇਹੀ ਜਨਮੀ ਸੀ, ਸੋ ਮੇਰੇ ਖੜ੍ਹੇ ਹੀ ਬਾਬਾ ਜੀ ਨੇ ਦਬਾਇ ਦਿੱਤੀ ਸੀ। ਜਨਾਨੀਆਂ ਨੇ ਕਹਾ ਤੂੰ ਝੂਠੀ ਹੈਂ। ਅਸੀਂ ਆਪ ਦੇਖਕੇ ਆਈਆਂ ਹਾਂ ਬੜੇ ਸੁੰਦਰ ਸਰੂਪ ਖੇਡ ਰਹੇ ਹੈਂ। ਨੱਕ ਤਿੱਖਾ ਖੰਡੇ ਕੀ ਨਿਆਈ ਹੇ। ਨੇਤਰ ਸੂਰਜ ਚੰਦ੍ਰਮਾ ਦੀ ਤਰਹ ਦੂਰੋਂ ਹੀ ਸੋਂਹਦੇ ਹੈਂ। ਦੋਨੋਂ ਬੁਲ ਸੂਖਮ ਪਤਲੇ ਫੁੱਲ ਗੁਲਾਬ ਕੀ ਤਰਹ ਹੈਂ। ਆਪ ਨਿਰੰਕਾਰ ਆਕਾਰ ਧਾਰਿਆ ਹੈ। ਦਾਈ ਸੁਣਕੇ ਨੱਠੀ ਆਈ। ਦੇਖ ਹਾਥ ਜੋੜ ਕੇ ਕਹਿਨੇ ਲਗੀ ਏਓ ਤਾਂ ਕੋਈ ਨੂਰੀ ਹੈ, ਖਾਕੀ ਆਦਮੀ ਨਹੀਂ ਹੈ। ਚਰਨਾਂ ਪਰ ਹਾਥ ਲਗਾਇਆ ਤੇ ਨਮਸ਼ਕਾਰ ਕੀਤੀ। ਦਾਈ ਨੇ ਕਿਹਾ ਕਈ ਬਾਲਕ ਮੇਰੇ ਹਾਥ ਮੈਂ ਜੰਮੇਂ ਹੈਂ ਪਰ ਐਸੀ ਕਿਸੇ ਨਹੀਂ ਕੀਤੀ ਜੈਸੀ ਇਸ ਬਾਲਕ ਨੇ ਕਰੀ ਹੈ। ਏਓ ਤਾਂ ਪ੍ਰਮੇਸਰ ਦਾ ਭੇਜਿਆ ਆਇਆ ਹੈ। ਇਸ ਕੀ ਦੇਹੀ ਹੱਡ ਮਾਸ ਕੀ ਨਹੀਂ ਹੈ। ਕੁਦਰਤ ਜੀ ਦੇਹ ਧਾਰ ਬੈਠੇ ਹੈਂ। ਆਪਣੀ ਸ਼ਕਤੀ ਨਾਲ ਕਲਾ ਧਾਰੀ ਹੈ। ਆਪ ਪ੍ਰਮੇਸਰ ਜੀ ਆਇ ਅਵਤਾਰ ਧਾਰਿਆ ਹੈ। ਬਾਬੇ ਜੀ ਗੱਫਾ ਦਿੱਤਾ ਵਧਾਈ ਦਾ ਤਾਂ ਦਾਈ ਉਸਤਤ ਕਰਦੀ ਗਈ। ਜਿੱਥੇ ਜਾਇ ਗੱਲ ਕਰੇ ਕਿ ਜੱਸਿ ਦੇ ਘਰ ਬਾਲਕ ਹੋਯਾ ਹੈ ਪਰ ਗਰਭ ਤੇ ਨਹੀਂ ਆਇਆ। ਕੁਦਰਤ ਨਾਲ ਮੂਰਤੀ ਧਾਰ ਬੈਠਾ ਹੈ। ਸੁਣ ਸੁਣ ਕੇ ਲੋਕ ਅਸਚਰਜ ਰਹੇ। ਕਹਿਣ ਬੰਦਗੀ ਵਾਲਾ ਬੜੀ ਕਮਾਈ ਵਾਲਾ ਆਇਆ ਹੈ। ਮਾਈ ਸਦਾ ਕੌਰ ਜੀ ਜਾਣਿਆ ਜੋ ਏਓ ਤਾ ਪ੍ਰਮੇਸਰ ਜੀ ਨੇ ਅਵਤਾਰ ਧਾਰਿਆ ਹੈ। ਬਾਬਾ ਜੀ ਭੀ ਬਚਿੱਤ੍ਰ ਚਲਿੱਤ੍ਰ ਦੇਖਕੇ ਸਮਝਿਆ ਜੋ ਏਓ ਜੀਵ ਨਹੀਂ ਹੈ। ਏਓ ਤਾਂ ਬੜੀ ਕਮਾਈ ਵਾਲਾ ਪ੍ਰਮੇਸਰ ਕਾ ਪਿਆਰਾ ਆਇਆ ਹੈ ਮਾਨੋਂ ਧਰਮ ਕੀ ਮੂਰਤ ਧਰਤੀ ਪਰ ਧਾਰ ਬੈਠੇ ਹੈਂ। ਨਿਰਗੁਣ ਤੇ ਸਰਗੁਣ ਰੂਪ। ਧਰਮ ਵਧੇਗਾ, ਪਾਪ ਘਟੇਗਾ।

ਸਤਿਗੁਰੂ ਦੀ ਦਾ ਬਾਲਪਨ

ਜਾਂ ਗੁਰੂ ਜੀ ਮਹੀਨੇ ਦੇ ਹੋਏ ਤਾਂ ਗਰਦਨ ਉਠਾਇਕੇ ਦਰਸ਼ਨ ਦੇਣ ਲੱਗੇ। ਤਾਂ ਸੱਤ ਮਹੀਨੇ ਕੇ ਹੋਏ ਤਾਂ ਚੌਕੜੀ ਮਾਰਕੇ ਬੈਠਨੇ ਲੱਗੇ। ਰੋਂਦੇ ਨਾ ਸੇ। ਸਦਾ ਈ ਖੁਸ਼ੀ ਰਹਿਣਾ। ਜਿੱਧਰ ਝਾਕਣਾ ਉਧਰੇ ਈ ਇੱਕ ਟੱਕ ਝਾਕੀ ਜਾਣਾ। ਦਿਨੋਂ ਦਿਨ ਅੰਗ ਵਧਦੇ ਜਾਂਦੇ ਹੈਂ। ਲੱਤਾਂ ਪੈਰਾਂ ਹੱਥਾਂ ਦੇ ਬੱਲ ਨਾਲ ਅੱਗੇ ਕੋ ਤੁਰਦੇ ਹੈਂ ਧਰਤੀ ਪਰ ਰਿੜ੍ਹ ਕੇ। ਮਾਤਾ ਜੀ ਬੜੇ ਅਦਬ ਨਾਲ ਸੇਵਾ ਕਰਨੀ। ਬਸਤਰ ਸਫਾ ਕਰਨੇ। ਹਰ ਵਕਤ ਨਿਗ੍ਹਾ ਮੇਂ ਰੱਖਣੇ।

ਮਾਤਾ ਸਦਾ ਕੌਰ ਕੋਈ ਕੁ ਦਿਨ ਪਾਇਕੇ ਪੇਕੀਂ ਗਈ ਨੰਗਲ ਮੈ। ਪਰਸਪਰ ਮਿਲੇ, ਸੁੱਖ-ਸਾਂਦ ਪੁੱਛੀ। ਨਾਨਕੇ ਬੜੇ ਪ੍ਰਸੰਨ ਹੋਏ ਦੋਹਤੇ ਕਾ ਦਰਸ਼ਨ ਕਰਕੇ। ਜੈਸੇ ਅਵਤਾਰ ਧਾਰਿਆ ਸੀ ਜਾਂ ਓਹ ਬਿਰਤਾਂਤ ਸੁਣਿਆ ਤਾਂ ਜਾਣਿਆ ਜੋ ਕੋਈ ਬੜੀ ਕਮਾਈ ਵਾਲਾ ਸੰਤ ਪੈਦਾ ਹੋਇਆ ਹੈ। ਐਸ ਤਰ੍ਹਾਂ ਹੋਰ ਕੋਈ ਨਹੀਂ ਸੁਣਿਆ। ਏਓ ਤਾਂ ਕਲਾ ਵਾਲਾ ਬਾਲਕ ਜੰਮਿਆ ਹੈ।

ਬਾਬਾ ਜੱਸਾ ਸਿੰਘ ਜੀ ਲੈਣ ਗਏ ਨੰਗਲ ਮੈਂ। ਨਾਨੀ ਨੇ ਕਹਾ ਮੈਂ ਤਾ ਤਾਂ ਤੋਰਾਂਗੀ ਜਾਂ ਕਾਕਾ ਡਿੰਗ ਭਰਨ ਲੱਗੇਗਾ। ਅੰਤਰਜਾਮੀ ਗੁਰੂ ਜੀ ਬਾਬੇ ਜੱਸਾ ਸਿੰਘ ਜੀ ਕਾ ਸੰਕਲਪ ਜਾਣ ਕੇ ਬਲ ਧਾਰਕੇ ਉੱਠ ਖੜ੍ਹੇ ਹੋਏ, ਪਾਂਚ ਕਦਮ ਆਗੇ ਕੋ ਤੁਰੇ। ਬਾਬਾ ਜੱਸਾ ਸਿੰਘ ਜੀ ਬਚਨ ਕੀਤਾ ਲਵੋ ਤੁਰਨੇ ਭੀ ਲੱਗ ਪਏ ਹੈਂ। ਦੇਖਕੇ ਸਾਰਾ ਪਰਵਾਰ ਅਸਚਰਜ ਰਹੇ। ਬਾਬਾ ਜੱਸਾ ਸਿੰਘ ਜੀ ਰਾਮਦਾਸ ਪੁਰੇ ਮੈ ਲੇ ਆਏ।੪

ਮਹਾਰਾਜ ਬੁੱਧ ਸਿੰਘ ਜੀ ਦਾ ਜਨਮ

ਬਾਲ ਲੀਲਾ ਕਰਦੇ ਚਾਰ ਬਰਸ ਕੇ ਹੋਏ ਤਾਂ ਦੂਈ ਮੂਰਤੀ ਮਹਾਰਾਜ ਬੁੱਧ ਸਿੰਘ ਜੀ ਅਵਤਾਰ ਧਾਰਿਆ ਅੱਸੂ ਸੁਦੀ ਤੀਜ, ਸੰਮਤ ੧੮੭੬ ਬਿਕ੍ਰਮੀ, ਦਿਨ ਬੁੱਧਵਾਰ, ਰਾਮਦਾਸ ਪੁਰੇ ਮੇਂ। ਦੇਵਤੇ ਦਰਸ਼ਨ ਕੋ ਆਏ। ਬੜੀ ਖੁਸ਼ੀ ਕੀਤੀ। ਸੀਸ ਨਿਵਾਇਕੇ ਆਪੋ ਆਪਣੀਆਂ ਪੁਰੀਆਂ ਕੋ ਗਏ। ਦਿਨ ਚੜ੍ਹਿਆ ਤਾਂ ਵਧਾਈਆਂ ਮਿਲਨੇ ਲੱਗੀਆਂ, ਗੁੜ ਪ੍ਰਸ਼ਾਦ ਵਰਤਾਇਆ। ਬੜੀ ਖੁਸ਼ੀ ਹੋਈ।

ਮੁਖਵਾਕ— ਵਧੀ ਵੇਲਿ ਬਹੁ ਪੀੜੀ ਚਾਲੀ।
ਧਰਮ ਕਲਾ ਹਰਿ ਬੰਧਿ ਬਹਾਲੀ।
(ਆਸਾ ਮ: ੫, ਪੰਨਾ ੩੯੬)

ਮਾਨੋ ਧਰਮ ਕੀ ਧੁਜਾ ਖੜੀ ਹੋਈ ਹੈ। ਦਾਨ ਪੁੰਨ ਕੀਤਾ। ਪੰਦਰਾਂ ਦਿਨ ਦੁੱਧੀ ਨਹੀਂ ਲਈ। ਏਕ ਸਾਧ ਆਇਆ। ਉਸਨੇ ਐਸੀ ਦਵਾਈ ਨਾਸਕਾ ਕੇ ਰਸਤੇ ਚਾੜ੍ਹੀ ਤਾਂ ਫੇਰ ਦੁੱਧੀ ਲਈ। ਦਿਨੋ ਦਿਨ ਅੰਗ ਵਧਦੇ ਜਾਂਦੇ ਹੈਂ। ਸ੍ਰੀ ਅਕਾਲ ਪੁਰਖ ਨੇ ਦੋਨੋਂ ਮੂਰਤਾਂ ਧਾਰੀਆਂ ਹੈਂ ਧਰਮ ਵਰਤਾਵਣੇ ਨੂੰ ਪਾਪ ਹਟਾਵਣੇ ਨੂੰ। ਗਊ ਗ਼ਰੀਬ ਦਾ ਕਸ਼ਟ ਕੱਟਣ ਨੂੰ ਦਰਸ਼ਨ ਦਿੱਤਾ ਹੈ। ਦਿਨੋਂ ਦਿਨ ਦੋਨਾਂ ਭਾਈਆਂ ਦੇ ਅੰਗ ਵਧਣੇ ਲਗੇ।

ਸਤਿਗੁਰੂ ਜੀ ਦਾ ਮੰਗਣਾ

ਜਾਂ ਸਤਿਗੁਰੂ ਜੀ ਪਾਂਚ ਬਰਸ ਕੇ ਹੋਏ ਧਰੋੜਾਂ ਥੀਂ ਸਾਹਬੂ ਆਇਆ ਰਾਮਦਾਸ ਪੁਰੇ ਮੇਂ। ਫ਼ੇਰ ਬਾਬੇ ਜੱਸਾ ਸਿੰਘ ਕੇ ਘਰ ਆਇਆ। ਰਾਮ ਰਾਮ ਕਰੀ। ਮਾਤਾ ਸਦਾ ਕੌਰ ਜੀ ਬੜੇ ਆਦਰ ਨਾਲ ਬਿਠਾਇਆ, ਪ੍ਰਸ਼ਾਦ ਛਕਾਇਆ। ਸ੍ਰੀ ਸਤਿਗੁਰੂ ਜੀ ਵੇਹੜੇ

੪. ਸ੍ਰੀ ਭੈਣੀ ਸਾਹਿਬ ਨੂੰ ਰਾਮਦਾਸਪੁਰਾ ਵੀ ਕਿਹਾ ਜਾਂਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ ਤੋਂ ਛੇਤੀ ਮਗਰੋਂ ਹੀ ਬਾਬਾ ਜੱਸਾ ਸਿੰਘ ਰਾਈਆਂ ਤੋਂ ਸ੍ਰੀ ਭੈਣੀ ਸਾਹਿਬ ਆ ਗਏ ਸਨ। ੫. ੧੮੭੭ ਬਿ. ੧੮੨੧।

ਮੈ ਖੇਡਦੇ ਦੇਖਕੇ ਤੇ ਮੋਹਣੀ ਮੂਰਤ ਕਾ ਦਰਸ਼ਨ ਕਰਕੇ ਮੋਹਿਆ ਗਿਆ। ਕਹਿਣੇ ਲਗਾ ਸਾਹਬੂ ਕਿ ਮੈਂ ਤਾਂ ਇਸ ਲੜਕੇ ਨੂੰ ਸਾਕ ਦੇ ਚੁਕਿਆ ਹਾਂ। ਜਾਂ ਘਰ ਜਾਇਕੇ ਗੱਲ ਕੀਤੀ ਤਾਂ ਕੁੜੀ ਦੀ ਮਾਂ ਨੇ ਸੁਣਕੇ ਕਿਹਾ ਕਿ ਓਹ ਤਾਂ ਪਿੰਡ ਛੋਟਾ ਹੈ। ਸਾਡੇ ਪਿੰਡ ਕੇ ਉਥੋਂ ਵਗ ਚਰ ਕੇ ਆਉਂਦੇ ਹੈਂ। ਸਾਹਬੂ ਨੇ ਕਿਹਾ ਕਿ ਮੈਨੂੰ ਤਾਂ ਪਿੰਡ ਵੱਡਾ ਦਿਸਿਆ ਹੈ। ਮੈਂ ਤਾਂ ਸਾਕ ਕਰ ਚੁੱਕਾ ਹਾਂ ਜਿੱਥੋ ਕਰਨਾ ਸੀ। ਮੁੰਡਾ ਪੁੱਜ ਕੇ ਸੁੰਦਰ ਹੈ। ਰੁਪਯਾ ਸਗਨ ਕਾ ਭੇਜ ਦਿੱਤਾ। ਰਾਮਦਾਸ ਪੁਰੇ ਮੇਂ ਮੰਗਣੇ ਕੀ ਰੀਤੀ ਕੀਤੀ। ਮਾਈ ਸਦਾ ਕੌਰ ਤੇ ਬਾਬੇ ਜੱਸਾ ਸਿੰਘ ਕੋ ਵਧਾਈਆਂ ਮਿਲਨੇ ਲੱਗੀਆਂ। ਜੱਜੇ ਅੱਖਰ ਪਰ ਜੱਸਾ ਸਿੰਘ ਤਿਸਕੇ ਘਰ ਮੈ ਰਾਮ-ਭਰਤ ਹੈਂ। ਮੰਗਲਾਚਾਰ ਕੇ ਗੀਤ ਗਾਇਨ ਕੀਤੇ।

ਪੈਂਤੀ ਲਿਖੀ

ਬਾਬੇ ਜੱਸਾ ਸਿੰਘ ਜੀ ਦਲੀਲ ਕੀਤੀ ਕਿ ਏਨੂੰ ਕਿਧਰੇ ਪੜ੍ਹਨੇ ਪਾਈਏ। ਅੰਤਰਯਾਮੀ ਸਤਿਗੁਰੂ ਰਾਮ ਸਿੰਘ ਜੀ ਪੈਂਤੀ ਲਿਖਕੇ ਦਿਖਾਇ ਦਿੱਤੀ। ਪਾਂਚ ਬਰਸਕੇ ਸੇ ਤਬ ਬਚਨ ਕੀਤਾ ਮੈਨੂੰ ਕੌਣ ਪੜ੍ਹਾਉਣ ਵਾਲਾ ਹੈ ? ਬਾਬਾ ਜੀ ਦੇਖਕੇ ਪੈਂਤੀ ਤੇ ਸੁਣਕੇ ਬਚਨ ਅਸਚਰਜ ਮਾਨੀ ਦੇਖੋ ਬਾਲਕ ਕੀ ਗੱਲਾਂ ਕਰਦਾ ਹੈ। ਸਤਿਗੁਰੂ ਜੀ ਅਪਨੇ ਸੁਭਾਉ ਮੈ ਮਗਨ ਰੇਹਣਾ। ਜੋ ਆਇਕੇ ਦਰਸ਼ਨ ਕਰਦਾ ਹੈ ਸੋ ਮੋਹਿਆ ਜਾਂਦਾ ਹੈ। ਮੁਖੜਾ ਦੇਖਣੇ ਸੇ ਬਿਰਤੀ ਨੇਤਰਾਂ ਕੀ ਨਹੀਂ ਹਟਦੀ ਹੈ। ਪਤਲੇ ਸੂਖਮ ਸਰੀਰ ਕਾ ਆਕਾਰ ਆਪ ਨਿਰੰਕਾਰ ਜੀ ਨੇ ਧਾਰਿਆ ਹੈ।

ਮੁਖਵਾਕ—ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ।
(ਆਸਾ ਮ: ੧, ਪੰਨਾ ੪੬੬)

ਸੋ ਮੂਰਤੀ ਜੋਤ ਸ੍ਰੀ ਅਕਾਲ ਪੁਰਖ ਜੀ ਧਾਰੀ ਹੈ।

ਵਿਆਹ

ਸ੍ਰੀ ਸਤਿਗੁਰੂ ਜੀ ਸੱਤਾਂ ਬਰਸਾਂ ਕੇ ਹੋਏ ਤਾਂ ਧਰੋੜੀਂ ਜਾਇ ਬੇਦ ਰੀਤੀ ਸੇ ਵਿਵਾਹ ਕੀਤਾ।[6] ਸਰਬ ਦੇਖਕੇ ਮੋਹੇ ਗਏ। ਦੇਖਕੇ ਲੋਕ ਮਾਈਆਂ ਬੀਬੀਆਂ ਕੈਂਹਦੀਆਂ ਹੈਂ ਇਹ ਮੂਰਤ ਰੱਬ ਨੇ ਆਪ ਧਾਰੀ ਹੈ। ਜੇੜ੍ਹਾ ਦਰਸ਼ਨ ਕਰੇ ਉਸਨੂੰ ਲਗਦੀ ਪਿਆਰੀ ਹੈ। ਮੰਗਲਾਚਾਰ ਕੇ ਗੀਤ ਗਾਇਨ ਕੀਤੇ। ਰਾਮਦਾਸ ਪੁਰੇ ਆਏ, ਬੜੀ ਖੁਸ਼ੀ ਹੋਈ। ਸ੍ਰੀ ਸਤਿਗੁਰੂ ਜੀ ਕੇ ਮਹਿਲ ਜੱਸਾਂ ਜੀ ਘਰ ਮੈ ਆਈ। ਮਾਤਾ ਸਦਾ ਕੌਰ ਕੋ ਤੇ ਬਾਬੇ ਜੱਸਾ ਸਿੰਘ ਜੀ ਕੋ ਵਧਾਈਆਂ ਮਿਲੀਆਂ।

ਸਾਧੂ ਬਿਰਤੀ

ਅੱਠਾਂ ਵਰ੍ਹਿਆਂ ਕੇ ਹੋਏ ਤਾਂ ਜੇੜ੍ਹਾ ਬੋਲਾ ਮੁੱਖ ਸੇ ਨਿਕਲਦਾ ਹੈ ਸੋ ਪੂਰਾ ਹੁੰਦਾ ਹੈ। ਕਿਸੇ ਨਾਲ ਬਹੁਤਾ ਬੋਲਦੇ ਨ ਸੇ। ਦੋਨੋਂ ਬਾਲਕ ਦੇਖਕੇ ਧੀਰਜ ਆਇ ਜਾਂਦੀ ਹੈ ਮਾਨੋਂ ਰਾਮ ਭਰਤ ਜੀ ਦੋਨੋਂ ਭਾਈ ਆਏ ਹੈਂ। ਸੂਰਜ ਚੰਦ੍ਰਮਾ ਵਤ ਚਾਨਣ ਕਰਨਗੇ। ਦਿਲਾਂ ਕਾ ਜੋ ਅੰਧੇਰਾ ਹੈ ਸੋ ਹਟਾਵਣਗੇ। ਅਕੰਤ ਬੈਠਕੇ ਭਜਨ ਕਰਨਾ ਚੌਕੜੀ ਮਾਰ ਕੇ, ਪਦਮ ਆਸਣ ਲਾਇਕੇ ਉੱਤੇ ਦੀ ਚਾਦਰ ਦੀ ਮੁਕਟੀ ਮਾਰ ਕੇ ਸਮਾਧੀ ਲਾਇ ਛਡਣੀ। ਜੋ ਮੁੰਡੇ ਹਾਣ ਕੇ ਸੇ ਉਨ੍ਹਾਂ ਨੇ ਸੈ ਉਪਾਧੀਆਂ ਕਰਨੀਆਂ।

ਸ੍ਰੀ ਸਤਿਗੁਰੂ ਜੀ ਛੋਟੀ ਅਵਸਥਾ ਮੇਂ ਹੀ ਸੰਤਾਂ ਵਾਂਗੂ ਆਸਣ ਲਗਾਇਕੇ ਭਜਨ ਕਰਨਾ ਜਾਂ ਮੁੰਡਿਆਂ ਦੇਖਣਾ ਤਾਂ ਬੁਲ੍ਹ ਹਿਲਦੇ ਹੈਂ। ਤੁਰਦੇ ਬੈਠਦੇ ਭਜਨ ਕਰਨਾ। ਹੋਰ ਕੋਈ ਗੱਲ ਕਿਸੇ ਵਿਹਾਰ ਦੀ ਨਾ ਕਰਨੀ, ਹਰ ਵਕਤ ਧਿਆਨ ਰੂਪ ਰਹਿਣਾ। ਜਿਸਨੇ ਦਰਸ਼ਨ ਕਰਨਾ ਦੇਖਕੇ ਮੁਖੜਾ ਮਨ ਮੋਹਿਆ ਜਾਣਾ। ਉਸਨੇ ਜਾਨਣਾ ਜੋ ਬੰਦਗੀ ਵਾਲਾ ਹੈ, ਬੜੇ ਨਵਿਸਤੇ ਵਾਲਾ ਹੈ। ਜੋ ਬੋਲਾ ਕਰਦੇ ਹੈਂ ਸਹਿਜ ਸੁਭਾਉ ਹੀ ਸੋ ਪੂਰਾ ਹੁੰਦਾ ਹੈ। ਭੇਸਾਂ ਚਾਰਨ ਮੁੰਡਿਆਂ ਨਾਲ ਚਲੇ ਜਾਣਾ। ਰੰਬਾ ਹੱਥ ਮੈ ਹੋਣਾ। ਰਬੇ ਪਰ ਸੋਟੀ ਮਾਰਕੇ ਰਾਗ ਵਾਂਗੂ ਤੁਕ ਪੜ੍ਹਨੀ। ਕੁਝ ਸਮਝ ਨਾ ਮੁੰਡਿਆਂ ਨੂੰ ਪੈਣੀ।

ਮਹਾਰਾਜ ਬੁੱਧ ਸਿੰਘ ਜੀ ਦਾ ਮੰਗਣਾ ਅਤੇ ਵਿਆਹ

ਮਹਾਰਾਜ ਬੁੱਧ ਸਿੰਘ ਜੀ ਪਾਂਚ ਬਰਸ ਕੇ ਹੋਏ ਤਾਂ ਮਾਦਪੁਰ ਮੈ ਮੰਗਣਾ ਹੋਇਆ।[7] ਰਾਮਦਾਸ ਪੁਰੇ ਮੰਗਣੇ ਕੀ ਰੀਤੀ ਕੀਤੀ। ਵਧਾਈਆਂ ਮਿਲੀਆਂ, ਬੜੀ ਖੁਸ਼ੀ ਕੀਤੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ ਹੈਂ ਦੂਜੇ ਭਾਈ ਬੁੱਧ ਸਿੰਘ ਜੀ ਹੈ। ਦੋਨੋਂ ਭਾਈ ਮੋਹਿਨੀ ਮੂਰਤਾਂ। ਸਾਤ ਬਰਸ ਕੇ ਸੇ ਮਹਾਰਾਜ ਬੁੱਧ ਸਿੰਘ ਜੀ, ਮਾਦਪੁਰ ਮੈ ਜਾਇ ਵਿਵਾਹ ਕੀਤਾ ਬੇਦ ਰੀਤੀ ਸੇ।[8] ਕੁੜਮਾਂ ਨਾਲ ਰਸ ਰੀਤ ਰਹੀ ਬਾਬੇ ਜੱਸਾ ਸਿੰਘ ਕੀ। ਰਾਮਦਾਸ ਪੁਰੇ ਆਏ। ਮਹਿਲ ਸਾਹਿਬ ਕੌਰ ਆਈ। ਮਾਈ ਸਦਾ ਕੌਰ ਤੇ ਬਾਬੇ ਜੱਸਾ ਸਿੰਘ ਕੋ ਵਧਾਈਆਂ ਮਿਲੀਆਂ। ਪਰਵਾਰ ਮੈ ਜੈਸਾ ਜੈਸਾ ਦੇਣਾ ਲੈਣਾ ਸੀ ਸੋ ਦਿੱਤਾ ਲਿਆ।

ਸਤਿਗੁਰੂ ਜੀ ਦਾ ਸਰੂਪ

ਬਾਬਾ ਜੱਸਾ ਸਿੰਘ ਖੇਤੀ ਭੀ ਕਰਦੇ ਸੇ ਰੰਬਾ ਫਾਲਾ ਭੀ ਚੰਡਦੇ ਸੇ। ਮਹਾਰਾਜ ਬੁੱਧ ਸਿੰਘ ਜੀ ਬਾਬੇ ਜੱਸਾ ਸਿੰਘ ਜੀ ਕੇ ਨਾਲ ਕੰਮਕਾਰ ਕਰਾਉਂਦੇ ਹੈਂ। ਸ੍ਰੀ ਸਤਿਗੁਰੂ ਜੀ ਭਜਨ ਬਾਣੀ ਕਰਨਾ। ਨਾਮ ਕੀ ਮਸਤੀ ਮੈ ਮਸਤ ਰੈਂਹਦੇ ਹੈਂ। ਸ੍ਰੀ ਸਤਿਗੁਰੂ ਜੀ ਕੇ ਮੁਖ ਪਰ ਲਾਲੀ, ਮਸਤਕ ਚੌੜਾ, ਭਵਾਂ ਕਮਾਨ ਕੀ ਨਿਆਈ, ਨੇਤ੍ਰ ਮਾਨੋਂ ਚੰਦ੍ਰਮਾ-ਸੂਰਜ ਚੜ੍ਹੇ ਹੈਂ। ਕਵਲਾਂ ਕੀ ਤਰ੍ਹਾਂ ਖਿੜੇ ਹੈਂ। ਸੁੰਦਰ ਕਪੋਲ, ਨੱਕ ਤਿੱਖਾ ਖੰਡੇ ਕੀ ਨਿਆਈਂ। ਬਿਬ ਫਲ ਸਮਾਨ, ਦੋਨੋਂ ਹੋਠ ਪਤਲੇ ਲਾਲ, ਕਰਨ ਸੇਵਕਾਂ ਕੋ

੬. ੧੯੮੦ ਬਿ. ੧੯੨੩ ਈ.। ੭. ੧੯੨੪ ਈ, ੧੯੮੧ ਬਿਕ੍ਰਮੀ। ੮. ੧੯੨੬ ਈ. ੧੯੮੩ ਬਿਕ੍ਰਮੀ।

ਨਿਹਾਲ। ਦੰਦ ਮੋਤੀਆਂ ਕੀਆਂ ਪੰਗਤੀਆਂ ਲੱਗੀਆਂ ਹੋਈਆਂ ਹੈਂ। ਠੌਡੀ ਸੇਬ ਕੇ ਸਮਾਨ ਹੇ। ਛਾਤੀ ਚੋੜੀ ਲੱਕ ਪਤਲਾ ਕੇਹਰ ਕੀ ਨਿਆਈਂ। ਆਜਾਨੁ ਬਾਹੁ, ਲੰਬੀਆਂ ਭੁਜਾਂ ਹੈਨ। ਗਰਦਨ ਹੰਸ ਕੀ ਮਾਨਿੰਦ ਲੰਬੀਸ ਲੱਤਾਂ ਕੇਲੇ ਕੀ ਤਰ੍ਹਾਂ ਹੈਨ। ਚਰਨ ਕੰਵਲ ਮੈ ਪਦਮ ਹੈ। ਭ੍ਰਿਗੁਲਤਾ ਹੈ ਪਿੱਠ ਪਰ। ਸੱਜੇ ਗੋਡੇ ਉੱਤੇ ਲਾਲ ਲਸਨ ਹੈ ਨਿਮ ਕੇ ਪੱਤੇ ਕੀ ਤਰ੍ਹਾਂ। ਸਰੀਰ ਪਤਲਾ ਸਰੂ ਵਾਂਗੂੰ। ਦੇਖਕੇ ਧੀਰਜ ਆਇ ਜਾਂਦੀ ਹੇ। ਜੀਆਂ ਵਾਂਗੂ ਸਰੀਰ ਮੈ ਗੰਧ ਨਹੀਂ ਹੈ।

ਬਾਹਰ ਜਾਣਾ ਤੇ ਭਜਨ ਕਰਨਾ। ਆਪਣੀ ਰਜਾਇ ਨਾਲ ਘਰ ਔਂਦੇ ਹੇ। ਜਿਸ ਨੇ ਆਇ ਕੇ ਦਰਸ਼ਨ ਕਰਨਾ, ਹੱਸ ਕੇ ਦਰਸ਼ਨ ਦੇਣਾ। ਜੈਸਾ ਸੰਕਲਪ ਹੋਵੇ ਕਿਸੇ ਦਾ ਓਸ ਨੂੰ ਓਸਾ ਹੀ ਬੋਲਾ ਕਰ ਦੇਣਾ। ਓਸਨੇ ਜਾਨਣਾ ਜੋ ਮੇਰੇ ਦਿਲ ਕੀ ਬਾਰਤਾ ਸੁਣਾਂਦਾ ਹੈ, ਏਹ ਕੋਈ ਕਮਾਈ ਵਾਲਾ ਹੈ। ਦੁਰਾਸੀ ਪਰ ਮਾਇਆ ਪਾਈ ਹੋਈ ਹੈ। ਏਹ ਨ ਸੀ ਕੋਈ ਜਾਣਦਾ ਜੋ ਅਬਿਨਾਸੀ ਠਾਕੁਰ ਜੀ ਪ੍ਰਗਟ ਹੋਏ ਹੈਂ। ਮਾਤਾ ਭੀ ਬੜਾ ਅਦਬ ਰੱਖਦੀ ਹੈ। ਮਾਤਾ ਜਾਣਦੀ ਹੈ ਗਰਭ ਕੇ ਰਸਤੇ ਨਹੀਂ ਆਏ। ਕੁਦਰਤ ਨਾਲ, ਸ਼ਕਤੀ ਨਾਲ ਅਪਨੀ ਕਲਾ ਧਾਰ ਬੈਠੇ ਹੈਂ।

ਮਾਤਾ ਜੀ ਬੜੇ ਅਦਬ ਨਾਲ ਸੇਵਾ ਟਹਿਲ ਕਰਨੀ। ਬਸਤਰ ਹਰ ਵਕਤ ਸਵਾ ਰੱਖਣੇ। ਪ੍ਰਸ਼ਾਦ ਪਾਣੀ ਛਕਾਵਣਾ ਬੜੇ ਪ੍ਰੇਮ ਨਾਲ। ਪ੍ਰਮੇਸਰ ਰੂਪ ਜਾਣਕੇ ਮਾਤਾ ਸਦਾ ਕੌਰ ਭੈ ਰੱਖਦੀ ਹੈ। ਮਾਤਾ ਪਿਤਾ ਦੇਖ ਦੇਖਕੇ ਵਾਰਨੇ ਜਾਂਦੇ ਹੈਂ। ਦੋਨੋਂ ਜੋੜੀ ਲਾਲਾਂ ਕੀ ਘਰ ਮੈ ਖੇਡਦੇ ਹੈਂ। ਬਾਬੇ ਜੀ ਕਾ ਸਤਿਗੁਰੂ ਜੀ ਕੀ ਮੂਰਤੀ ਵਿੱਚ ਬੜਾ ਮੋਹ ਹੈ ਜੈਸੇ ਰਾਮ ਚੰਦਰ ਜੀ ਕੇ ਵਕਤ ਦਸਰਥ ਜੀ ਕਾ ਮੋਹ ਸੀ। ਪਿੰਡ ਦੇ ਲੋਕ ਭੀ ਅਦਬ ਰੱਖਦੇ ਹੈਂ ਕਿਉਂਕਿ ਦਾਈ ਨੇ ਸਾਰੇ ਪਿੰਡ ਵਿੱਚ ਸੁਣਾਇਆ ਸੀ ਜਿਸ ਤਰ੍ਹਾਂ ਅਵਤਾਰ ਧਾਰਿਆ ਸੀ, ਨਾਲੇ ਸੁੰਦਰ ਮੂਰਤ ਦੇਖਕੇ ਜੀਵ ਮੋਹਿਆ ਜਾਂਦਾ ਹੇ। ਜੇਕਰ ਕੋਈ ਸਾਧ ਮਿਲਨਾ, ਉਸ ਕੋ ਸੀਸ ਨਿਵਾਇਕੇ ਚਰਨੀਂ ਹੱਥ ਲਾਇਕੇ ਮੱਥਾ ਟੇਕਣਾ। ਅਗਲੇ ਸਾਧ ਨੇ ਜਾਨਣਾ ਜੋ ਬੜੇ ਨਵਿਸਤੇ ਵਾਲਾ ਹੈ। ਹੋਰ ਭੀ ਤਾਂ ਦਿਆਣੇ ਹੈਨ, ਕੋਈ ਨਹੀਂ ਚਰਨੀਂ ਹੱਥ ਲਾਂਵਦਾ ਹੇ। ਏਹ ਦੁਨੀਆਂ ਵਰਗਾ ਬਾਲਕ ਨਹੀਂ ਹੇ। ਕੈਸਾ ਪਿਆਰਾ ਲੱਗਦਾ ਹੈ।

ਪੜ੍ਹਨ ਗਏ

ਬਿਲਗਾ ਗ੍ਰਾਮ ਹੈ, ਤਿਸ ਜਗ੍ਹਾ ਏਕ ਮਹੀਨਾ ਗਏ।[੯] ਏਕ ਸਾਧ ਸੀ ਉਸ ਜਗ੍ਹਾ, ਉਸ ਤੋਂ ਅੱਖਰ ਕੁਝ ਪੜ੍ਹੇ। ਏਕ ਮਹੀਨਾ ਰਹਿਕੇ ਮੁੜ ਆਏ। ਮਹਾਰਾਜ ਬੁੱਧ ਸਿੰਘ ਜੀ ਕੇ ਸਾਥ ਬਚਨ ਕੀਤਾ ਪੜਨਾ ਕੀ ਥਾ ਸੈਲ ਕਰਨ ਗਏ ਸੇ ਸੋ ਕਰ ਆਏ ਹੈਂ। ਭੈਹਲੋਂ ਕਾ ਇੱਕ ਮੈਰੂ ਥਾ, ਤਿਸਕੇ ਨਾਲ ਬੜਾ ਪ੍ਰੇਮ ਥਾ ਸਤਿਗੁਰੂ ਜੀ ਕਾ। ਪ੍ਰਸਾਦਾ ਭੀ ਉਸਕੀ ਸਿੰਘਣੀ ਬਣਾਉਂਦੀ ਸੀ। ਜਾਂ ਅੱਗੇ ਪੰਥ ਤੁਰੇਗਾ, ਓਹੋ ਬੁੱਢੀ ਭੀ ਆਇਕੇ ਭਜਨ ਲਵੇਗੀ। ਸਤਿਗੁਰੂ ਜੀ ਭੈਹਲੋਂ ਜਾਣਗੇ। ਇਸ ਪ੍ਰਕਾਰ ਦੀ ਲੀਲਾ ਕਰਦੇ ਕਰਾਉਂਦੇ ਬੀਸ ਬਰਸ ਕੇ ਹੋਏ।

ਖ਼ਾਲਸਾ ਫ਼ੌਜ ਵਿੱਚ ਭਰਤੀ

ਬਾਈਸ ਬਰਸ ਕੇ ਜਾਂ ਹੋਏ ਸਤਿਗੁਰੂ ਜੀ ਤਾਂ ਕਾਬਲ ਸਿੰਘ[੧੦], ਭਣਵਈਆ ਸ੍ਰੀ ਸਤਿਗੁਰੂ ਜੀ ਕਾ ਫ਼ੌਜ ਮੇਂ ਜਮਾਂਦਾਰ ਸੀ। ਸ੍ਰੀ ਸਤਿਗੁਰੂ ਜੀ ਕੋ ਕਹਿਣੇ ਲਗਾ ਤੁਸੀਂ ਸਾਡੇ ਨਾਲ ਚੱਲੋ, ਨੇ ਨਿਹਾਲ ਸਿੰਘ ਵਾਲੀ ਫ਼ੌਜ ਮੈ ਨਾਵਾਂ ਲਿਖਾਇ ਦੇਂਦੇ ਹੈਂ। ਕਾਬਲ ਸਿੰਘ ਨਾਲ ਗਏ ਸ੍ਰੀ ਸਤਿਗੁਰੂ ਜੀ. ਫੌਜ ਮੇਂ ਜਾਇ ਭਰਤੀ ਹੋਏ। ਨਾਵਾਂ ਲਿਖਵਾਇਆ[੧੧]।

ਮਹਾਰਾਜਾ ਰਣਜੀਤ ਸਿੰਘ

ਜਦ ਰਣਜੀਤ ਸਿੰਘ ਜਨਮਿਆ ਸੀ ਤਾਂ ਓਸ ਸਮੇਂ ਜੁਧ ਕਾ ਸਮਾਨਾ ਥਾ। ਪਿਤਾ ਕਾ ਨਾਮ ਮਹਾਂ ਸਿੰਘ ਥਾ। ਜਿਸ ਪਰ ਚੜ੍ਹਾਈ ਕੀਤੀ ਸੋ ਫਤੇ ਹੋਇਆ। ਨਾਮ ਰਣਜੀਤ ਸਿੰਘ ਰੱਖਿਆ। ਜਾਂ ਵੱਡਾ ਹੋਇਆ ਰਣਜੀਤ ਸਿੰਘ ਤਾਂ ਚੰਗੇ ਰਸਤੇ ਦੱਸਣ ਲੱਗਾ। ਧਰਮਸ਼ਾਲਾ ਪਿੰਡਾਂ ਮੇਂ ਬਨਵਾਇ ਦਿੱਤੀਆ। ਸਰਬ ਲੋਕ ਕਹਿਣ ਕਿ ਧਰਮ ਲੜੀ ਜੋ ਕਹਿੰਦੇ ਸੇ ਸੋ ਹੁਣ ਚੱਲੀ ਹੇ। ਨੈਣਾ ਸਿੰਘ ਤੇ ਫੂਲਾ ਸਿੰਘ ਏਹ ਨਿਹੰਗਾਂ ਮੈ ਵੱਡੇ ਥੇ। ਕਾਬਲ ਕਾ ਪਾਸਾ ਬੀ ਜਿੱਤਿਆ, ਹਰੀ ਸਿੰਘ ਨਲੂਆ ਭੇਜਿਆ ਸੀ। ਆਪ ਭੀ ਰਣਜੀਤ ਸਿੰਘ ਕੋ ਅਟਕ ਨੇ ਗਹਣ ਕਰਕੇ ਲੰਘਾਇ ਦਿੱਤਾ ਸੀ। ਬੜੀ ਕਮਾਈ ਵਾਲਾ ਸੀ। ਸਰਬ ਖਾਲਸੇ ਕੋ ਖੁਸ਼ੀਆ ਹੋਈਆਂ। ਜਿੱਧਰ ਚੜ੍ਹਾਈ ਕਰਨ ਓਧਰੇ ਹੀ ਫ਼ਤੇ ਹੋਵੇ।

ਕੋਈ ਦਿਨ ਬੜੀ ਧਰਮ ਵਾਰਤਾ ਤੁਰੀ। ਦੇਉਤਾ ਸੁਭਾਉ ਸੀ। ਸਰਬ ਪਰ ਰਛਿਆ ਕਰਨੀ। ਧਰਮ ਲੜੀ ਚੱਲੀ, ਅਮਨ ਚੈਨ ਰਹੀ। ਕੋਈ ਨਾ ਚੜ੍ਹ ਕੇ ਆਇਆ ਸਾਮ੍ਹਣੇ। ਰਣਜੀਤ ਸਿੰਘ ਕਾ ਏਕ ਨੇਤਰ ਸੀ ਸੱਜਾ, ਲੰਮਾ ਦਾੜ੍ਹਾ। ਜਿੱਧਰ ਝਾਕੇ ਉਦਰ ਹੀ ਨਿਮਸ਼ਕਾਰਾਂ ਕਰਦੇ ਹੈਂ ਚਾਰ ਬਰਨ ਨਾਲੇ ਖ਼ਾਲਸਾ। ਸਰਬ ਜੀਵ ਸੁਖੀ ਸੇ, ਕੋਈ ਭੀ ਨਾ ਸੀ ਦੁਖੀ। ਸਰਬ ਖ਼ਾਲਸਾ ਜੋ ਜੋ ਕਾਰ ਕਰਦਾ ਹੇ। ਜਗ੍ਹਾ-ਪਰ-ਜਗ੍ਹਾ ਦੇਗਾਂ ਬਣਦੀਆਂ ਹੈਨ। ਅਕਾਲ ਅਕਾਲ ਹੁੰਦੀ ਹੈ। ਨਿਹੰਗਾਂ ਕਾ ਤੇ ਨਿਰਮਲਿਆਂ ਕਾ ਜ਼ੋਰ ਸੀ।

---

੯. ਜ਼ਿਲ੍ਹਾ ਜਲੰਧਰ ਦਾ ਪ੍ਰਸਿੱਧ ਕਸਬਾ। ੧੦. ਪਿੰਡ ਰਾਏਪੁਰ ਜ਼ਿਲ੍ਹਾ ਲੁਧਿਆਣਾ ਦਾ ਵਸਨੀਕ। ੧੧. ੧੮੩੭ ਈ, ੧੮੯੪ ਬਿਕ੍ਰਮੀ।

ਖ਼ਾਲਸਾ ਮਲੇਛ

ਜਾਂ ਰਣਜੀਤ ਸਿਘ ਦੇਵ ਲੋਕ ਕੋ ਚਲੇ ਗਏ[12] ਤਾਂ ਰਾਣੀਆਂ ਨਾਲ ਸਤੀ ਹੋਈਆਂ ਸੀਆਂ। ਦੋ ਕਬੂਤਰਾਂ ਦਾ ਜੋੜਾ ਵਿੱਚ ਆਇ ਪਿਆ ਸੀ। ਪਾਛੇ ਭੋਗ ਪੁਆਏ ਗ੍ਰੰਥ ਸਾਹਿਬਾਂ ਕੇ। ਸ਼ੋਕ ਕੇ ਦਿਨ ਪੂਰੇ ਹੋਏ। ਆਪੋ ਧਾਪ ਹੋਈ। ਜੋ ਜੋ ਨਿਕਟ ਵਰਤੀ ਹਾਕਮ ਸੇ ਤਿਨ੍ਹਾਂ ਕਾ ਜ਼ੋਰ ਹੋਇਆ। ਮਾਸ ਸ਼ਰਾਬ ਕਬਾਬ ਬਹੁਤ ਖਾਣੇ ਲਗੇ। ਸ਼ੁਭ ਕਰਮ ਹਟਦੇ ਗਏ, ਮਾੜੇ ਕਰਮ ਸਰਬ ਲੋਕ ਕਰਨੇ ਲਗੇ। ਨੀਚ ਜਾਤਾਂ ਕੋ ਰਮਣੇ ਲਗੇ, ਮੁੰਡੇ ਅਤੇ ਵੇਸਵਾ ਕੇ ਜਾਨੇ ਲਗੇ। ਕਿਸੀ ਕਾ ਭੈ ਨਾ ਰਹਿਆ ਸਿਰ ਪਰ। ਆਪੋ ਆਪਣੇ ਹੁਕਮ ਚਲਾਉਣੇ ਲਗੇ। ਜੁਲਮੀਆਂ ਭੀ ਕਰਨੇ ਲਗੇ, ਪਰਤ੍ਰਿਆ ਕੀ ਸੇਜਾਂ ਜਾਨੇ ਲਗੇ। ਜ਼ੋਰ ਜੁਲਮ ਹੋਣੇ ਲਗਾ, ਪਰਜਾ ਬੜੀ ਦੁਖੀ ਹੋਈ। ਖ਼ਾਲਸਾ ਕਬੁੱਧੀ ਹੋਇਆ। ਚੰਗੇ ਕਰਮ ਛੱਡੇ ਤੇ ਮਾੜੇ ਕਰਮ ਕਰਨੇ ਲਗੇ। ਕਲਜੁਗ ਕਾ ਜ਼ੋਰ ਹੋਇਆ। ਸੰਕਰ ਬਰਨ ਹੋਨੇ ਲੱਗੀ, ਰੱਯਤ ਦੁਖੀ ਹੋਈ।

ਫ਼ੌਜੀ ਸਿਘ ਹਜ਼ਰੋਂ ਗਏ

ਲਾਹੌਰ ਸੇ ਹੁਕਮ ਗਿਆ ਕਿ ਕੁਲੰਕ ਕਾ ਕਿਲਾ ਆਕੀ ਹੈ ਤਿਸ ਪਰ ਧਾਵਾ ਕਰਕੇ ਜਾਵੋ, ਸਰ ਕਰੋ। ਸਾਰੀ ਫ਼ੌਜੀ ਸੰਗਤ ਇਕੱਠੀ ਹੋਕੇ ਗੁਰੂ ਬਾਲਕ ਸਿਘ ਜੀ ਪਾਸ ਗਈ। ਦੋ ਦੋ ਰੁਪਏ ਇੱਕਠੇ ਕਰਕੇ ਗੁਰੂ ਜੀ ਕੇ ਆਗੇ ਰੱਖਿ। ਸਿੱਖਾਂ ਨੇ ਅਰਜ ਕੀਤੀ ਜੀ ਜੋ ਸਾਨੂੰ ਤਨਖਾਹ ਨ ਸੀ ਮਿਲਦੀ ਤਾਂ ਅਸੀਂ ਪੇਟੀ ਭੰਨਣ ਕੀ ਸਲਾਹ ਕੀਤੀ ਸੀ ਤੇ ਵਿਚੋਂ ਕੁਝ ਸਿੱਖਾਂ ਨੇ ਕਹਿਆ ਸੀ ਕਿ ਹਜ਼ਰੋਂ ਮੇਂ ਸੰਤ ਹੈ ਓਹਨਾ ਥੀ ਪੁੱਛਾਂਗੇ, ਜੋ ਕਹਿਣਗੇ ਸੋ ਕਰਾਂਗੇ। ਜਾਂ ਤੁਹਾਥੋਂ ਆਇ ਕੇ ਅਸੀਂ ਪੁੱਛਿਆ ਸੀ ਤਾਂ ਤੁਸਾਂ ਬਚਨ ਕੀਤਾ ਸੀ ਜੋ ਤੁਹਾਨੂੰ ਤਨਖਾਹ ਜਾਂਦਿਆਂ ਹੀ ਮਿਲ ਜਾਏਗੀ। ਅਮਾਨਤ ਖਿਆਨਤ ਨਾ ਕਰੋ। ਪੇਟੀ ਨਾ ਤੋੜੋ। ਆਪਦਾ ਬਚਨ ਪੂਰਾ ਹੋਇਆ ਹੈ। ਸਾਨੂੰ ਜਾਂਦਿਆਂ ਹੀ ਤਨਖਾਹ ਮਿਲ ਗਈ ਹੈ। ਅਸੀਂ ਗ੍ਰਿਸਤੀ ਹੋਂ। ਉਸ ਤਨਖਾਹ ਵਿਚੋਂ ਤਿਲ ਫੁਲ ਕੁਝ ਭੇਟਾ ਚਾੜ੍ਹਦੇ ਹੈਂ। ਗੁਰੂ ਜੀ ਬਚਨ ਕੀਤਾ ਅਸੀਂ ਪੂਜਾ ਨਹੀਂ ਲੈਂਦੇ ਹੈਂ। ਆਪਣੇ ਬਾਲ ਬੱਚੇ ਨੂੰ ਬਸਤਰ ਬਣਾਇਕੇ ਪਹਿਨਾਏ ਦਿਓ।

ਫ਼ੌਜੀ ਸਿੰਘਾਂ ਅਰਜ ਕੀਤੀ ਜੀ ਸਾਨੂੰ ਕੋਈ ਸੇਵਾ ਟਹਿਲ ਦੱਸਿ। ਗੁਰੂ ਜੀ ਬਚਨ ਕੀਤਾ ਸ਼ੋਧਿਓ ਤੁਸੀਂ ਕੀ ਕਾਰ ਕਰਨੀ ਹੈ? ਨਾਮ ਜਪਣਾ ਤੇ ਵੰਡ ਕੇ ਛਕਣਾ ਏਹ ਕਾਰ ਅੱਛੀ ਹੈ। ਤੁਸੀਂ ਏਕ ਏਕ ਪਰਸ਼ਾਦਾ ਕੱਢਿਆ ਕਰੋ। ਧਰਮਸਾਲ ਮੇਂ ਲੈਜਾਇਕੇ ਜੋ ਅੰਨ ਕਾ ਅਰਥੀ ਆਵੇ ਸਭ ਕੋ ਛਕਾਵੇ। ਨਾਲੇ ਰਾਗੀ ਰੱਖਿ, ਦੋ ਵਕਤ ਦੀਵਾਨ ਲਗਾਓ। ਆਸਾ ਕੀ ਵਾਰ ਇਸ਼ਨਾਨ ਕਰਕੇ। ਸਰਬ ਜਾਇਕੇ ਵਾਰ ਸੁਣੋ। ਫ਼ੌਜ ਸੀਸ ਨਿਵਾਇਕੇ ਫ਼ਤ੍ਹੇ ਬੁਲਾਇਕੇ ਚਰਨਾਂ ਤੇ ਹੱਥ ਲਾਇਕੇ ਖੁਸ਼ੀਆਂ ਲੈ ਕੇ ਤੁਰੀ। ਖ਼ਾਲਸੇ ਨੇ ਕੁਲੰਕ ਕੇ ਕਿਲੇ ਪਰ ਧਾਵਾ ਕੀਤਾ। ਹਜ਼ਾਰੇ ਨੂੰ ਤੁਰੇ। ਜਾਇਕੇ ਖ਼ਾਲਸੇ ਨੇ ਧਰਕੇ ਛਾਪੇ ਇੱਕ ਦੋ ਤੁਰਕ ਫੂਕ ਦਿੱਤੇ। ਕਿਲਾ ਸਰ ਹੋਇਆ।

ਅੱਟਕ ਦਰਿਆ ਵਿੱਚੋ ਗੀਟੀ ਨਿਕਲੀ

ਅੱਟਕ ਮੇਂ ਪਿੱਛੇ ਗੀਟੀ ਫਸੀ ਹੋਈ ਸੀ। ਬੇਅੰਤ ਜਲ ਪਾਛੇ ਜਮਾ ਹੋਇਆ ਹੋਇਆ ਸੀ। ਸਰਕਾਰ ਕਾ ਏਹ ਹੁਕਮ ਸੀ ਕਿ ਬਾਰਾਂ-ਬਾਰਾਂ ਕੋਸ ਦੂਰ ਹੋਇ ਜਾਂਓ। ਪਿੱਛੇ ਜੇਹੜੀ ਗੀਟੀ ਫਸੀ ਹੋਈ ਸੀ ਸੋ ਨਿਕਲ ਗਈ। ਜਿਉਂ ਪਾਣੀ ਚੜ੍ਹਿਆ ਹੈ ਬਾਰ੍ਹੀਂ ਕੋਹੀ ਫੈਲ ਗਿਆ। ਫੌਜ ਇੱਕ ਟਿੱਬੀ ਕੇ ਉੱਪਰ ਚੜ੍ਹ ਗਈ। ਸੰਦ ਵੇਲਵਾਂ[13] ਸਭ ਰੁੜ ਗਿਆ। ਜਿਸ ਟਿੱਬੀ ਪਰ ਫੌਜ ਚੜ੍ਹੀ ਸੀ ਉਸਕੇ ਸਿਖਰ ਤੱਕ ਜਲ ਚੜ੍ਹ ਗਿਆ। ਆਸ ਨਾ ਸੀ ਜੀਵਣੇ ਕੀ । ਜਾਂ ਮੂੰਹ ਮੇਂ ਪਾਣੀ ਪੈਣ ਲੱਗਾ ਤਾਂ ਸਾਰੀ ਫ਼ੌਜ ਨੇ ਇਹੋ ਅਵਾਜ਼ਾ ਕੀਤਾ-ਹੇ ਅਕਾਲ ਪੁਰਖ ਹੁਣ ਕੋਈ ਆਸ ਨਹੀਂ ਹੈ ਜੀਉਣ ਕੀ ।ਅੰਤ ਕੇ ਸਮੇਂ ਸਹਾਇਤਾ ਕਰੋ ਜੈਸੇ ਗਜ ਗਰਾਹ ਤੇ ਛੁਡਾਇਆ ਸੀ। ਜਾਂ ਇਹ ਅਰਜ ਹੋਈ ਤਾਂ ਮੂੰਹ ਪੈਣ ਕੀ ਤਿਆਗੀ ਸੀ। ਸੁਣਕੇ ਪੁਕਾਰ ਜਲ ਏਕ ਵਾਰ ਇਉਂ ਉੱਤਰਿਆ ਜੈਸੇ ਕ੍ਰਿਸ਼ਨ ਜੀ ਕੇ ਚਰਨ ਨੂੰ ਛੂਹ ਕੇ ਜਮਨਾ ਉਤਰੀ ਸੀ। ਆਪ ਅਕਾਲ ਪੁਰਖ ਹੈਂ ਤਾਂ ਵਿੱਚ, ਪਰ ਜੀਆਂ ਉੱਤੇ ਮਾਇਆ ਪਾਈ ਹੋਈ ਹੈ। ਸਮੇਂ ਨਾਲ ਪ੍ਰਗਟ ਹੋਣਗੇ। ਜਾਂ ਪਾਣੀ ਉੱਤਰਿਆ ਸਭ ਹੇਠਾਂ ਉਤਰੇ। ਅਸਬਾਬ ਸਾਰਾ ਰੁੜ੍ਹ ਗਿਆ।

ਲਾਹੌਰ ਨੂੰ ਵਾਪਸੀ

ਫ਼ੌਜ ਲਾਹੌਰ ਨੂੰ ਮੁੜੀ। ਫ਼ੌਜ ਕੇ ਭਜਨੀ ਸਿਘ ਸਭ ਦਰਸ਼ਨ ਕਰਨ ਗਏ। ਗੁਰੂ ਬਾਲਕ ਸਿਘ ਜੀ ਕੇ ਚਰਨਾਂ ਪਰ ਨਮਸਕਾਰ ਕੀਤੀ ਖ਼ਾਲਸੇ ਨੇ। ਗੁਰੂ ਜੀ ਸੁਖ ਸਾਂਤ ਕੀ ਖ਼ਬਰ ਪੁੱਛੀ, ਸਿਘਾਂ ਨੇ ਦੱਸੀ। ਹੋਰ ਬਚਨ ਭੀ ਕੀਤੇ। ਸਿਘਾਂ ਨੇ ਪੁੱਛਿਆ ਜੀ ਸਾਡੇ ਵਿਚ ਮਹੰਤ ਕਿਹੜਾ ਹੈ ? ਗੁਰੂ ਬਾਲਕ ਸਿਘ ਜੀ ਬਚਨ ਕੀਤਾ ਨਾਲੇ ਕਾ ਜਤੀ, ਬਚਨ ਕਾ ਪੂਰਾ, ਤੇਗ ਕਾ ਧਨੀ, ਏਹ ਲੱਛਣ ਜਿਸ ਮੇਂ ਹੋਵਣਗੇ ਸੋ ਆਪੇ ਹੀ ਗੱਜਣਗੇ। ਦਿਨੋ ਦਿਨ ਪ੍ਰਗਟ ਹੋਣਗੇ। ਬਚਨ ਬਿਲਾਸ ਕਰਕੇ ਖੁਸ਼ੀਆਂ ਲੈ ਕੇ ਚਰਨਾਂ ਪਰ ਸੀਸ ਨਿਵਾਇਕੇ ਫ਼ੌਜੀ ਸਿਘ ਤੁਰੇ। ਅੱਗੇ ਪੰਜਾ ਸਾਹਿਬ ਆਇਕੇ ਫ਼ੌਰ ਲਾਹੌਰ ਮੇਂ ਜਾਇ ਰਹੀ।

(ਫੁੱਟ ਨੋਟ ਦੀਆਂ ਟਿੱਪਣੀਆਂ ਅਤੇ ਸਬ-ਹੈਡਿੰਗ ਸ. ਜਸਵਿੰਦਰ ਸਿਘ ਸੰਪਾਦਕ ਨਵ ਪ੍ਰਕਾਸ਼ਤ ਗ੍ਰੰਥ "ਸਤਿਗੁਰੂ ਬਿਲਾਸ" ਵਲੋਂ ਹਨ)

---

੧੨. ੨੭ ਜੂਨ ੧੮੩੯ ਈ, ੧੫ ਹਾੜ ੧੮੯੬ ਬਿਕ੍ਰਮੀ।

੧੩. ਸਾਜ-ਸਮਾਨ।

੧੮੫੭ ਦਾ ਦੂਸਰਾ ਵਿਦਰੋਹ

—*ਗੁਰਬਚਨ ਸਿੰਘ ਨਾਮਧਾਰੀ, ਚੰਡੀਗੜ੍ਹ*

ਜੂਨ ੧੮੩੯ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ, ਲਾਹੌਰ ਦਰਬਾਰ ਦੇ ਚੰਦ ਗੱਦਾਰਾਂ ਕਾਰਨ, ਅੰਗ੍ਰੇਜ਼ੀ ਹਕੂਮਤ ਅਧੀਨ ਆਉਣ ਵਾਲਾ ਪੰਜਾਬ ਭਾਰਤ ਦਾ ਅੰਤਮ ਪ੍ਰਾਂਤ ਸੀ ਅਤੇ ਅਪ੍ਰੈਲ ੧੮੫੭ ਨੂੰ ਭੈਣੀ (ਜ਼ਿਲ੍ਹਾ ਲੁਧਿਆਣਾ) ਤੋਂ ਸੰਪੂਰਨ ਅਜ਼ਾਦੀ ਦਾ ਸੰਕਲਪ ਲੈਣ ਵਾਲਾ ਪੰਜਾਬ, ਭਾਰਤ ਦਾ ਪਹਿਲਾ ਪ੍ਰਾਂਤ ਸੀ।

੧੮੫੭ ਨੂੰ ਝਾਂਸੀ ਦੀ ਰਾਣੀ, ਬਹਾਦਰ ਸ਼ਾਹ ਜ਼ਫਰ, ਤਾਂਤਯਾ ਟੋਪੇ ਅਤੇ ਬਖਤ ਖਾਂ ਦੇ ਸਾਂਝੇ ਆਕ੍ਰਮਣ ਅਤੇ ਲਗਭਗ ਉਸੇ ਸਮੇਂ ਪੂਰਬ ਤੋਂ ਬੀਰ ਕੁੰਅਰ ਸਿੰਘ ਅਤੇ ਇਸ ਤੋਂ ਪਹਿਲਾਂ ਦੱਖਣ ਤੋਂ ਹੈਦਰ ਅਲੀ ਦੀ ਵਿਰੋਧੀ ਆਵਾਜ਼ ਨੂੰ ਅੰਗ੍ਰੇਜ਼ਾਂ ਸਦਾ ਲਈ ਖਾਮੋਸ਼ ਕਰ ਦਿੱਤਾ। ਇਸ ਅਸਫਲਤਾ ਤੋਂ ਸਾਰਾ ਦੇਸ ਸਹਿਮ ਗਿਆ। ਸਾਰੇ ਬਾਗੀ ਜਾਂ ਤਾਂ ਮਾਰੇ ਗਏ ਜਾਂ ਫੜ ਲਏ ਗਏ। ਜਿਹੜੇ ਥੋੜ੍ਹੇ ਬਚ ਗਏ, ਉਹ ਭੂਮੀਗਤ ਹੋ ਗਏ। ਅੰਗ੍ਰੇਜ਼ੀ ਦਮਨਚਕ੍ਰ ਨੇ ਸਾਰੇ ਦੇਸ਼ ਵਿੱਚ ਭੈ ਮਿਸ੍ਰਤ ਸੰਨਾਟਾ ਨਿਰਮਤ ਕਰ ਦਿੱਤਾ ਸੀ। ਬ੍ਰਿਟਿਸ਼ ਹਕੂਮਤ ਦੇ ਖਿਲਾਫ ਸਿਰ ਚੁੱਕਣ ਦਾ ਸਾਹਸ ਕਿਸੇ ਵਿੱਚ ਨਹੀਂ ਸੀ। ਪਰ ਇਹ ਵੀ ਇਤਿਹਾਸਕ ਸੱਚ ਹੈ ਕਿ ਜਦੋਂ ਅੰਗ੍ਰੇਜ਼ ਇਸ ਗ਼ਦਰ ਨੂੰ ਕੁਚੱਲਣ ਲਈ ਏੜੀ-ਚੋਟੀ ਇਕ ਕਰ ਰਹੇ ਸਨ, ਉਦੋਂ ਹੀ ਭੈਣੀ ਦੀ ਕੁੱਖ ਚੋਂ "ਦੂਸਰਾ ਵਿਦਰੋਹ" ਜਨਮ ਲੈ ਚੁਕਿਆ ਸੀ। ੧੮੫੭ ਦੇ ਪਹਿਲੇ ਵਿਦਰੋਹ ਨੂੰ ਤਾਂ ਵਿਦੇਸ਼ੀ ਸ਼ਕਤੀ ਨੇ ਮਾਰ-ਮੁਕਾ ਦਿੱਤਾ, ਪਰ ਦੂਸਰੇ ਦੀ ਆਤਮਾ, ਮਾਤਭੂਮੀ ਦੇ ਪੋਰ-ਪੋਰ ਵਿੱਚ ਵਸਦੀ ਹੋਣ ਕਰਕੇ ਅਮਿਟ ਹੋ ਗਈ ਸੀ।

ਸੰਸਕ੍ਰਿਤ ਦੀ ਇਕ ਕਹਾਵਤ ਹੈ, "ਮਹਾਜਨਹ ਯੇਨ ਗਤਹ ਸ ਪੰਥਾ" ਅਰਥਾਤ, "ਮਹਾਪੁਰਸ਼ ਜਿਸ ਰਾਹ ਤੋਂ ਲੰਘੇ ਉਹ ਰਾਹ ਚੰਗੀ।" ਪਰ ਜੋ ਸੁੱਕੇ ਰੇਗਿਸਤਾਨ ਵਿੱਚ ਸੈਲਾਬ ਲਿਆ ਦਏ ਪ੍ਰਗਤੀ-ਪਥ ਵਿੱਚ ਆਉਣ ਵਾਲੇ ਪਹਾੜਾਂ ਨੂੰ ਪਾਸੇ ਕਰ ਦਏ, ਵਿਜੈ ਵਿਚ ਬਾਧਾ ਬਣ ਰਹੇ ਦਰਿਆਵਾਂ ਦਾ ਪ੍ਰਵਾਹ ਰੋਕ ਦਏ ਨਿਰਸੰਦੇਹ ਉਹ, ਸਦੀਆਂ ਬਾਦ ਕੋਈ "ਯੁਗ ਪੁਰਸ਼" ਹੁੰਦਾ ਹੈ। ਅੱਜ ਤੋਂ ਕਰੀਬ ਡੇਢ ਸੌ ਸਾਲ ਪਹਿਲਾਂ, ਉਪਰੋਕਤ ਅਸੰਭਵ ਜਿਹੇ ਕਾਰਜਾਂ ਨੂੰ ਅੰਜਾਮ ਦੇਣ ਵਾਲੇ, ਐਸੇ ਹੀ ਯੁਗ ਪੁਰਸ਼ ਦਾ ਨਾਂ ਹੈ।" ਸਤਿਗੁਰੂ ਰਾਮ ਸਿੰਘ"! ਸਮਾਜ ਸੁਧਾਰ ਧਾਰਮਿਕ ਉੱਥਾਨ, ਰਾਜਨੀਤਕ ਸਵੈ ਅਧੀਨਤਾ, ਸਭਿਆਚਾਰਕ ਆਦਰਸ਼ ਅਤੇ ਮਨੁੱਖੀ ਮੂਲਾਂ ਦੀ ਮੁੜ ਸਥਾਪਨਾ, ਇਨ੍ਹਾਂ ਸਾਰਿਆਂ ਨੂੰ ਇਕ ਨਾਂ ਦੇਣਾ ਹੋਵੇ, ਤਾਂ ਕਹਾਂਗੇ, "ਸਤਿਗੁਰੂ ਰਾਮ ਸਿੰਘ।"

੧੮੬੩ ਵਿੱਚ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਨੇ ਸਭ ਤੋਂ ਪਹਿਲਾਂ, ਆਪਣੀ ਗੁਪਤ ਰਿਪੋਰਟ ਵਿੱਚ ਗੁਰੂ ਰਾਮ ਸਿੰਘ ਬਾਬਤ ਲਿਖਿਆ। ਉਸ ਤੋਂ ਬਾਅਦ ਤਾਂ ਘਟ ਤੋਂ ਘਟ ਪੰਜਾਬ ਦੇ ਹਰ ਜ਼ਿਲ੍ਹਾ ਅਧਿਕਾਰੀ ਪੁਲਿਸ ਇੰਸਪੈਕਟਰ, ਇੰਸਪੈਕਟਰ ਜਨਰਲ ਅਤੇ ਗੁਪਤਚਰਾਂ ਦੀਆਂ, ਗੁਰੂ ਰਾਮ ਸਿੰਘ ਬਾਬਤ ਲਿਖਤਾਂ, ਅੱਜ ਵੀ "ਨੇਸ਼ਨਲ ਆਰਕਾਈਵਜ਼" ਵਿੱਚ ਸੁਰੱਖਿਅਤ ਪਈਆਂ ਹਨ। ਇਤਹਾਸਕਾਰਾਂ, ਲਿਖਾਰੀਆਂ, ਕਵੀਸ਼ਰਾਂ ਨੇ ਬਹੁਤ ਕੁਝ ਉਨ੍ਹਾਂ ਬਾਬਤ ਲਿਖਿਆ ਹੈ। ਆਪਣਿਆਂ ਅਤੇ ਵਿਰੋਧੀਆਂ ਵੱਲੋਂ ਕਈ ਪੁਸਤਕਾਂ, ਰਸਾਲੇ ਛਪਦੇ ਰਹੇ ਹਨ। ਪਰ ਅੱਜ ਤੱਕ ਕੋਈ ਉਸ ਸਰਬ ਪੱਖੀ ਸ਼ਖਸ਼ੀਅਤ ਦਾ ਸਹੀ ਮੂਲਾਂਕਣ ਨਹੀਂ ਕਰ ਸਕਿਆ। ੫੨ ਸਾਲ ਦੀ ਉਮਰ ਵਿੱਚ ਸ੍ਰ. ਗੁਰਬਖਸ਼ ਸਿੰਘ "ਪ੍ਰੀਤਲੜੀ" ਨੇ ਲਿਖਿਆ, "ਦੁਨੀਆ ਦਾ ਐਸਾ ਕੋਈ ਸਮਾਜ ਸੁਧਾਰਕ ਨੇਤਾ ਨਹੀਂ ਜਿਸਦਾ ਕੋਈ ਇਤਿਹਾਸ ਹੋਵੇ....., ਤੇ ਮੈਂ ਨਾ ਜਾਣਦਾ ਹੋਵਾਂ। ਪਰ ਇਸ "ਸੁਵੇਦ ਸ਼ਖਸ਼ੀਅਤ" ਬਾਬਤ ਜਿਤਨਾ ਵੀ ਪੜ੍ਹਦਾ ਹਾਂ ਲਗਦਾ ਹੈ, ਬਹੁਤ ਥੋੜ੍ਹਾ ਹੈ ਤੇ ਮੈਂ ਉਨ੍ਹਾਂ ਬਾਬਤ ਇਕ ਮੁਕੰਮਲ ਲੇਖ ਲਿਖਣ ਨੂੰ ਅੱਜ ਵੀ ਸਮਰੱਥ ਨਹੀਂ।"

੧੮੪੫ ਵਿੱਚ ਮੁਦਕੀ ਦੀ ਜੰਗ ਸਮੇਂ, ਲਾਹੌਰ ਦਰਬਾਰ ਦੇ ਗਦਾਰ ਸੈਨਾਪਤੀਆਂ ਦੀਆਂ ਕਰਤੂਤਾਂ ਵੇਖ ਕੇ, ਹਥਿਆਰ ਸਤਲੁਜ ਵਿੱਚ ਸੁਟ, ਭੈਣੀ ਆ ਗਏ ੧੨ ਸਾਲ ਤਕ ਤੱਪ ਦੇ ਨਾਲ-ਨਾਲ ਇਕਾਂਤ ਵਿਚ ਦੇਸ਼ ਦੀ ਮੰਦਹਾਲੀ ਦੇ ਕਾਰਨ ਢੂੰਢਦੇ ਰਹੇ ਅਤੇ ਮੁਲਕ ਨੂੰ ਇਸ ਦੁਰਦਸ਼ਾ ਤੋਂ ਬਾਹਰ ਕੱਢਣ ਲਈ, ਭਾਰਤੀ ਜਨ-ਮਾਨਸ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਵੀ ਕਰਦੇ ਰਹੇ। ੧੮੫੭ ਦੀ ਵਸਾਖੀ ਨੂੰ ਅੰਮ੍ਰਿਤ ਛਕਾ ਕੇ ਦਸਮ ਗੁਰੂ ਦੀ ਮਰਿਆਦਾ ਨਾਲ ਜੋੜਨ ਤੋਂ ਬਾਅਦ ਜੋ ਸਰਵਜਨਕ ਉਪਦੇਸ਼ ਦਿੱਤੇ, ਉਸ ਤੋਂ ਮੁੱਖ ਤੌਰ ਤੇ ਤਿਨ ਸੂਤਰ ਸਾਹਮਣੇ ਆਏ-

੧. ਵਿਕਾਰਾਂ ਤੋਂ ਮੁਕਤ ਸਮਾਜ ੨. ਕੁਰੀਤੀਆਂ ਤੋਂ ਮੁਕਤ ਧਰਮ ਅਤੇ ੩. ਦਾਸਤਾ ਤੋਂ ਮੁਕਤ ਦੇਸ਼।

ਇਸ ਤਿੰਨ ਸੂਤਰੀ ਤ੍ਰਿਵੇਣੀ ਪ੍ਰਵਾਹ ਨੇ ਭੈਣੀ ਨੂੰ ਸਵੈਤੰਤਰਤਾ ਪੁਜਾਰੀਆਂ ਦਾ ਤੀਰਥ ਬਣਾ ਦਿੱਤਾ। ਸਤਿਗੁਰਾਂ

ਦੀ ਇਹ ਸਪਸ਼ਟ ਸੋਚ ਸੀ ਕਿ ਵਿਕਾਰਾਂ ਵਿੱਚ ਫ਼ਸੇ ਮਨੁਖ ਤੋਂ ਸਮਾਜ ਨਿਰਮਾਣ, ਕੁਰੀਤੀਆਂ ਵਿੱਚ ਫਸੇ ਧਰਮ ਤੋਂ ਆਤਮਕ ਉਥਾਨ ਅਤੇ ਦਾਸਤਾਂ ਵਿੱਚ ਜਕੜੇ ਮੁਲਕ ਤੋਂ ਖੁਸ਼ਹਾਲ ਜੀਵਨ ਪ੍ਰਵਾਹ ਦੀ ਆਸ ਵਿਅਰਥ ਹੈ।

ਇਸੇ ਕਰਕੇ ਸਤਿਗੁਰਾਂ ਤ੍ਰਿਵਿਧ ਸੁਧਾਰ ਪ੍ਰਾਰੰਭ ਕੀਤੇ ਔਰ ਸ਼ਾਇਦ ਇਹੋ ਕਾਰਣ ਸੀ ਜੋ ੧੮੬੩ ਈ. ਤੱਕ, ਬ੍ਰਿਟਿਸ਼ ਅਫਸਰ ਮੁਗਾਲਤੇ ਵਿੱਚ ਪਏ ਰਹੇ। ਗੁਰੂ ਰਾਮ ਸਿੰਘ ਨੂੰ ਕਦੀ ਸਮਾਜ ਸੁਧਾਰਕ ਤੇ ਕਦੀ ਧਾਰਮਿਕ ਆਗੂ ਰੂਪ ਵਿੱਚ ਵੇਖਦੇ ਰਹੇ ਅਤੇ ਭੈਣੀ ਚੋਂ ਗੂੰਜੇ 'ਸ਼ੰਖਨਾਦ' ਨੂੰ ਦੂਰ ਦੂਰ ਤੱਕ ਪੁੱਜਣ ਦਾ ਸਮਾਂ ਮਿਲ ਗਿਆ।

੧੮੫੭ ਦੇ ਗ਼ਦਰ ਨੂੰ ਦੱਬਣ ਸਮੇਂ, ਕੁਝ ਪੰਜਾਬੀ ਰਿਆਸਤਾਂ ਵੱਲੋਂ ਅੰਗਰੇਜ਼ਾਂ ਨੂੰ 'ਦਿੱਤੀ ਗਈ ਸਹਾਇਤਾ ਕਰਕੇ, ਸਿੱਖਾਂ ਨੂੰ ਗ਼ਦਰ ਦੀ ਅਸਫਲਤਾ ਦਾ ਦੋਸੀ ਸਮਝਿਆ ਗਿਆ। ਪਰ ੧੮੫੭ ਈ. ਵਿੱਚ ਹੀ ਭੈਣੀ ਤੋਂ ਦੂਸਰੇ ਗ਼ਦਰ' ਦੀ ਰਣਭੇਰੀ ਦੂਰ ਦੂਰ ਤੱਕ ਗੂੰਜੀ। ਕੂਕਿਆਂ ਸਰਫਰੋਸ਼ਾਂ ਨੇ ਅੰਮ੍ਰਿਤਸਰ, ਰਾਏਕੋਟ, ਲੁਧਿਆਣੇ ਅਤੇ ਮਲੇਰਟਲੇ ਵਿੱਚ ਕੁਰਬਾਨੀਆਂ ਦੇ ਕੇ ਆਪਣੇ ਲਹੂ ਨਾਲ ਸਿੱਖਾਂ ਦੇ ਮੱਥੇ ਤੇ ਲੱਗਾ ਕਲੰਕ ਧੋ ਦਿੱਤਾ। ਪ੍ਰਮੁੱਖ ਇਤਿਹਾਸਕਾਰ ਡਾ. ਫੌਜਾ ਸਿੰਘ ਲਿਖਦੇ ਹਨ, "੧੮੫੭ ਦੇ ਗ਼ਦਰ ਸਮੇਂ ਹੀ ਪ੍ਰਗਟਿਆ ਕੂਕਾ ਅੰਦੋਲਨ ਜਿਸ ਸਫਲਤਾ ਨਾਲ, ਅੰਗਰੇਜ਼ ਹਕੂਮਤ ਵਿਰੁੱਧ ਚਨੌਤੀ ਬਣਿਆ, ਉਸਨੇ ਆਮ ਭਾਰਤਵਾਸੀਆਂ ਵਿੱਚ, ਸਿੱਖਾਂ ਦੀ ਜੁਝਾਰੂ ਅਤੇ ਦੇਸ਼ ਭਗਤ ਛਵੀ ਨੂੰ ਉਜਾਗਰ ਕਰ ਦਿੱਤਾ।"

ਨਾ ਤਾ ਗੁਰੂ ਰ ਾਮ ਸਿੰਘ ਮਹਿਜ਼ ਇੱਕ ਬਾਗ਼ੀ ਸਨ ਅਤੇ ਨਾ ਹੀ ਕੂਕਾ ਅੰਦੋਲਨ ਮਹਿਜ਼ ਇੱਕ ਲਹਿਰ। ਬਾਗ਼ੀ ਤਾਂ ਇੱਕਲਾ ਹੀ ਮਿਸ਼ਨ ਲਈ ਜੂਝਦਾ ਹੈ। ਪਰ ਪ੍ਰਬਲ ਦੇਸ਼ ਭਗਤ ਵਿਚਾਰਧਾਰਾ, ਅੰਦੋਲਨ ਦੀ ਵਿਉਂਤਬੰਦੀ ਅਤੇ ਹਕੂਮਤ ਦੇ ਵਿਰੁੱਧ ਰੋਸ ਦੀ ਅੱਗ ਨੇ ਗੁਰੂ ਰਾਮ ਸਿੰਘ ਨੂੰ ਅਸੰਖਾਂ ਬਾਗ਼ੀਆਂ ਦਾ ਜਨਮਦਾਤਾ ਬਣਾ ਦਿੱਤਾ। ਗੁਰੂ ਰਾਮ ਸਿੰਘ ਤਾਂ ਗੁਰੂ ਰਾਮ ਸਿੰਘ, ਜੋ ਕੋਈ ਗੁਰੂ ਦੇ ਕਿਸੇ ਸਿੱਖ ਦੇ ਸੰਪਰਕ ਵਿੱਚ ਆਇਆ, ਉਹ ਵੀ ਅੰਗਰੇਜ਼ਾਂ ਦੇ ਵਿਰੁੱਧ ਅੱਗ ਉਗਲਣ ਵਾਲਾ ਜਵਾਲਾਮੁਖੀ ਬਣ ਗਿਆ। ਗ਼ਦਰ ਪਾਰਟੀ ਦੇ ਬਾਨੀ ਸੋਹਣ ਸਿੰਘ ਭਕਨਾ ਨੇ ਲਿਖਿਆ ਹੈ, "ਜੰਗੇ- ਆਜ਼ਾਦੀ ਦੀ ਜਾਗ ਮੈਨੂੰ ਇੱਕ ਕੂਕੇ ਬਾਬਾ ਕੇਸਰ ਸਿੰਘ ਤੋਂ ਲੱਗੀ। ੧੮੯੭ ਤੋਂ ੧੯੦੭ (੧੧ ਸਾਲਾਂ ਤੱਕ) ਕੂਕਾ ਲਹਿਰ ਸੰਪਰਕ ਵਿੱਚ ਰਿਹਾ। ਵਿਦੇਸ਼ੀ ਮਾਲ ਦੀ ਬਾਈਕਾਟ ਅਤੇ ਅੰਗ੍ਰੇਜ਼ੀ ਗ਼ੁਲਾਮੀ ਦੀ ਘਿਰਨਾ, ਮੈਨੂੰ ਨਾਮਧਾਰੀ ਲਹਿਰ ਤੋਂ ਮਿਲੀ, ਜੋ ਅੱਗੇ ਚੱਲ ਕੇ ਮੈਨੂੰ ਗਦਰ ਪਾਰਟੀ ਦੇ ਝੰਡੇ ਥੱਲੇ ਲਿਆਈ। ਅੱਜ ਵੀ ਮੈਂ ਉਸ ਲਹਿਰ ਦਾ ਕਰਜ਼ਾਈ ਹਾਂ।" ਗੁਰੂ ਰਾਮ ਸਿੰਘ ਦੀ ਦੂਰ ਅੰਦੇਸ਼ੀ ਅਤੇ ਸਰਬਪੱਖੀ ਸ਼ਖਸੀਅਤ ਦਾ ਹੀ ਨਤੀਜਾ ਸੀ ਕਿ ਉਹਨਾਂ ਹਰ ਅੰਗ੍ਰੇਜ਼ ਵਿਰੋਧੀ ਮੁਲਕ ਨੂੰ ਆਪਣੇ ਪੱਖ ਵਿੱਚ ਕਰ ਲਿਆ। ਕਸ਼ਮੀਰ, ਨੇਪਾਲ ਅਤੇ ਰੂਸ ਜਿਹੀਆਂ ਬਰਤਾਨੀਆਂ ਵਿਰੋਧੀ ਤਾਕਤਾਂ ਨਾਲ ਜ਼ਰੂਰਤ ਪੈਣ ਤੇ ਹਮਲੇ ਤੱਕ ਦੇ ਗੁਪਤ ਸਮਝੌਤੇ ਕਰਨਾ, ਸੌ ਪ੍ਰਤੀਸ਼ਤ ਕੂਟਨੀਤਕ ਸਫਲਤਾ ਦਾ ਪ੍ਰਮਾਣ ਸੀ।

ਕੂਕਾ ਸਵੈਰਾਜਵਾਦ ਨੂੰ ਲਹਿਰ ਕਹਿਣਾ ਮੁਨਾਸਬ ਨਹੀਂ। ਲਹਿਰਾਂ ਦਾ ਜੀਵਨ ਬਹੁਤ ਅਲਪਕਾਲੀ ਹੁੰਦਾ ਹੈ- ਕਿਸੇ ਸਾਗਰ ਦਰਿਆ ਦੀ ਹਿੱਕ ਚੋਂ ਉੱਠੀ ਅਤੇ ਕਿਨਾਰੇ ਨਾਲ ਟਕਰਾ ਕੇ ਖ਼ਤਮ। ਪਰ ਕੂਕਾ ਅੰਦੋਲਨ ਤਾਂ ਕ੍ਰਾਂਤੀ ਦੀ ਉਹ ਗੰਗੋਤਰੀ ਸੀ, ਜਿਸ ਵਿੱਚੋਂ ਅਨੇਕਾਂ ਬਾਗ਼ੀ ਜਲਧਾਰਾਵਾਂ ਫੁੱਟ ਰਹੀਆਂ ਹਨ। ੧੮੫੭ ਤੋਂ ੧੯੪੭ ਈ. ਤੱਕ ਜਿੰਨੇ ਵੀ ਅਜ਼ਾਦੀ ਮੁਹਿਮ ਚੱਲੇ, ਉਨ੍ਹਾਂ ਨੂੰ ਧਿਆਨ ਨਾਲ ਵੇਖੀਏ ਤਾਂ ਲੱਗਦਾ ਹੈ, ਸੰਗਰਾਮ ਦੀ ਹਰ ਲਹਿਰ, ਭੈਣੀ ਤੋਂ ਪ੍ਰਭਾਵਤ ਹੋਈ ਵੱਗ ਰਹੀ ਹੈ। ਸੁਭਾਸ਼ ਚੰਦਰ ਬੋਸ, ਰਾਸ ਬਿਹਾਰੀ ਬੋਸ, ਵੀਰ ਸਾਵਰਕਰ, ਸੋਹਣ ਸਿੰਘ ਭਕਨਾ, ਸ਼ਹੀਦ ਭਗਤ ਸਿੰਘ [illegible]ਨਡੀਅਨ ਨੈਸ਼ਨਲ ਕਾਂਗਰਸ, ਸਾਰੀਆਂ ਕ੍ਰਾਂਤੀਆਂ ਦਾ [illegible] (ਜਵਾਲਾਮੁਖੀ ਦਾ ਮੂੰਹ) ਭੈਣੀ ਹੀ ਦਿੱਸਦਾ ਹੈ। ਅਜ਼ਾਦੀ ਦਾ ਕੋਈ ਐਸਾ ਪਰਵਾਨਾ ਨਹੀਂ ਜਿਸਨੇ ਗੁਰੂ ਰਾਮ ਸਿੰਘ ਦੀ ਸਮਗ੍ਰ ਕ੍ਰਾਂਤੀ ਤੋਂ ਚਿੰਗਾਰੀ ਲੈ ਕੇ ਆਪਣੀਆਂ ਰਗਾਂ ਵਿੱਚ ਦੌੜਦੇ ਖ਼ੂਨ ਦੀ ਥਾਂ ਅੱਗ ਦੀਆਂ ਲਪਟਾਂ ਨਾ ਭਰ ਲਈਆਂ ਹੋਣ। ਫਰਵਰੀ ੧੯੨੮, "ਕਿਰਤੀ" ਰਸਾਲੇ ਵਿੱਚ ਸ਼ਹੀਦ ਭਗਤ ਸਿੰਘ ਦਾ ਲੇਖ, "ਪੰਜਾਬ ਵਿੱਚ ਮਹਾਨ ਇਨਕਲਾਬ ਦੀ ਪਹਿਲੀ ਜੱਥੇਬੰਦੀ, ਕੂਕਾ ਲਹਿਰ" ਸਿਰਲੇਖ ਹੇਠ ਛਪੇ। ੧੬ ਪੰਨੇ ਦੇ ਦਿਲ ਟੁੰਬਵੇਂ ਲੇਖ ਵਿੱਚ ਨਾਮਧਾਰੀਆਂ ਦੀਆਂ ਕੁਰਬਾਨੀਆਂ ਅਤੇ ਭੈਣੀ ਤੋਂ ਉੱਠੀ "ਕੂਕ" ਤੋਂ ਦੇਸ਼ਵਾਸੀਆਂ ਵਿੱਚ ਨਵੀਨ ਸ਼ਕਤੀ ਸੰਚਾਰ ਦਾ ਉਪਰਾਲਾ ਕੀਤਾ। ਉਹ ਲਿਖਦੇ ਹਨ, "ਅਜ਼ਾਦੀ ਲਈ ਕੂਕਿਆਂ ਜਿਹੇ ਸਿਰਲੱਥ ਮਰਜੀਉੜੇ ਲੋੜੀਂਦੇ ਹਨ, ਜਿਨ੍ਹਾਂ ਵਿੱਚ ਕੁਰਬਾਨੀ ਦਾ ਚਾਅ ਹੋਵੇ ਅਤੇ ਜਿਹੜਾ ਤੋਪ ਦੇ ਦਹਾਨੇ ਅੱਗੇ ਖਿੜ ਖਿੜਾ ਕੇ ਹੱਸ ਸਕੇ।

ਕੂਕਿਆਂ ਨੂੰ ਮਾਰ-ਮੁਕੋਣ ਦੇ ਬਹੁਤ ਜਤਨ ਹੋਏ। ਫ਼ਾਂਸੀਆਂ ਤੇ ਲਟਕਾਏ ਗਏ, ਕਾਲ ਕੋਠੜੀਆਂ ਵਿੱਚ ਪਾਏ ਗਏ, ਤੋਪਾਂ ਨਾਲ ਉਡਾਏ ਗਏ, ਜਲਾਵਤਨ ਕੀਤੇ ਗਏ, ਜਹਾਜ਼ਾਂ ਵਿੱਚ ਭਰ ਕੇ ਸਾਗਰ ਦੀ ਗਹਿਰਾਈਆਂ ਵਿੱਚ ਡੁਬੋਏ ਗਏ। ਪਰ ਫਿਰ ਵੀ ਜੇ ਕੂਕਾ ਜੀਊਂਦਾ ਰਿਹਾ ਤਾਂ ਇਸਦਾ ਕਾਰਣ ਸੀ ਕਿ ਇਸਦੀ ਰੂਹ ਵਿੱਚ "ਦੂਸਰੇ ਗ਼ਦਰ" ਦਾ ਬਾਨੀ, ਗੁਰੂ ਰਾਮ ਸਿੰਘ ਆਪ ਵੱਸਦਾ ਰਿਹਾ। ▲▲

ਕੂਕਿਆਂ ਦਾ ਦੀਵਾਨ

—ਸ੍ਰੀਮਾਨ ਸਰਦਾਰ ਧੰਨਾ ਸਿੰਘ ਜੀ "ਕਾਨੂੰਗੋ" ਪਸਰੂਰ)

ਨਾਮਧਾਰੀ ਵੀਰਾਂ ਨੂੰ ਓਪਰੇ ਲੋਕ ਪਹਿਲੇ ਕੂਕੇ ਕਿਹਾ ਕਰਦੇ ਸਨ। ਸ਼ਬਦ ਕੂਕਾ ਉਦੋਂ ਇਕ ਮਿਹਣੇ ਜਿਹੇ ਵਾਂਗ ਕਿਹਾ ਜਾਂਦਾ ਸੀ। ਤਖਤਾਂ ਦੇ ਪੁਜਾਰੀ ਵੀ ਪਹਿਲੇ ਇਨ੍ਹਾਂ ਨੂੰ ਕੂਕਾ ਹੀ ਕਹਿੰਦੇ ਸਨ ਤੇ ਅੰਗਰੇਜ਼ ਲਿਖਾਰੀਆਂ ਨੇ ਵੀ ਇਨ੍ਹਾਂ ਨੂੰ ਕੂਕਾ ਸ਼ਬਦ ਨਾਲ ਹੀ ਯਾਦ ਕੀਤਾ ਹੈ। ਅਸਲ ਵਿਚ ਮਹਾਰਾਜ ਰਾਮ ਸਿੰਘ ਜੀ ਦੇ ਵੇਲੇ ਜਦੋਂ ਇਹਨਾਂ ਦੇ ਅਖੰਡ ਕੀਰਤਨ ਰਹਿੰਦੇ ਸਨ, ਸੁੱਤੀ ਦੁਨੀਆਂ ਤੇ ਐਸ਼ਾਂ ਵਿੱਚ ਪਏ 'ਸੂਰਜ-ਮੁਖੀ' ਸਰਦਾਰਾਂ ਤੇ ਜਗੀਰਦਾਰਾਂ ਦੀ ਮਿਠੀ ਨੀਂਦ ਵਿਚ ਕੀਰਤਨ ਨਾਲ ਜਦੋਂ ਵਿਘਨ ਪੈਂਦਾ ਸੀ ਤੇ ਉਨ੍ਹਾਂ ਨੂੰ ਦੁਰਾਚਾਰ ਤੋਂ ਵਰਜਿਆਂ ਜਾਂਦਾ ਸੀ, ਉਦੋਂ ਇਹਨਾਂ ਦੀ ਦਿਨ ਰਾਤ ਦੀ ਲਗਨ ਦੀ ਅਖੰਡ ਧੁਨੀ ਨੂੰ ਨਾ ਸਹਾਰਦੇ ਹੋਏ, ਇਨ੍ਹਾਂ ਨੂੰ ਉਹ ਕੂਕੇ (ਕੂਕਨ ਵਾਲੇ, ਤੂਹੀ ਤੂਹੀ ਨੂੰ ਰਟਨ ਵਾਲੇ) ਕਰਕੇ ਸੱਦਦੇ ਸੀ। ਸ੍ਰੀ ਬਾਬਾ ਹਰੀ ਸਿੰਘ ਜੀ ਦੇ ਵੇਲੇ ਵੀ ਬਹੁਤੇ ਲੋਕ ਕੂਕਾ ਹੀ ਕਹਿੰਦੇ ਸਨ ਤੇ ਨਾਮਧਾਰੀ ਦੀਵਾਨਾਂ ਨੂੰ ਕੂਕਿਆਂ ਦੇ ਦੀਵਾਨ ਸੱਦਦੇ ਸਨ। ਸਰਕਾਰ ਨੇ ਹੁਣ ਜਦੋਂ ਦੀ ਇਹਨਾਂ ਦੇ ਦੀਵਾਨਾਂ ਤੋਂ ਇਨ੍ਹਾਂ ਨੂੰ ਸੀਤਲ ਸੁਭਾਵ ਜਾਣਕੇ ਨਿਗਰਾਨੀ ਹਟਾਈ ਹੈ, ਤਾਂ ਲੋਕਾਂ ਨੇ ਵੀ ਹੁਣ ਨਾਮਧਾਰੀ ਕਹਿਣਾ ਸ਼ੁਰੂ ਕਰ ਦਿੱਤਾ ਹੈ। ਪਰ ਇਹਨਾਂ ਨੂੰ ਅਜੇ ਵੀ ਕੂਕਾ ਆਖੀਏ ਤਾਂ ਓਸ ਤਰ੍ਹਾਂ ਗੁੱਸਾ ਨਹੀਂ ਕਰਦੇ, ਜਿਸ ਤਰ੍ਹਾਂ ਇਕ ਸਿੱਖ ਨੂੰ ਸਿਖੜਾ ਤੇ ਮੁਸਲਮਾਨ ਨੂੰ ਮੁਸਲਾ ਕਹੀਏ ਤੇ ਗੁੱਸਾ ਕਰਦੇ ਹਨ। ਮੈਂ ਇਕ ਬੁੱਢੇ ਜਿਹੇ ਸਿੱਖ ਨੂੰ ਕੂਕਾ ਕਿਹਾ ਤੇ ਉਹ ਕਹਿਣ ਲੱਗਾ ਜੀ ਮੇਰੇ ਧੰਨ ਭਾਗ ਹੋਣ ਜੇ ਮੈਂ ਸਚਮੁਚ ਕੂਕਾ ਬਣਾਂ। ਮੇਰਾ ਜਨਮ ਭਾਵੇਂ ਸਿੱਖਾਂ ਦੇ ਘਰ ਦਾ ਹੈ ਤੇ ਮੇਰੇ ਕਈ ਇਕ ਮਿੱਤਰ ਨਾਮਧਾਰੀ ਵੀ ਹਨ। ਪੰਜ ਚਾਰ ਵਾਰੀ ਇਨ੍ਹਾਂ ਦੇ ਦੀਵਾਨਾਂ ਵਿੱਚ ਜਾਕੇ ਦਰਸ਼ਨ ਵੀ ਕੀਤਾ, ਪਰ ਇਹਨਾਂ ਦੇ ਅਸਲੀ ਹਾਲ ਦਾ ਮੈਨੂੰ ਵਧੇਰੇ ਪਤਾ ਨਹੀਂ ਸੀ। ਐਤਕੀਂ ਮੈਨੂੰ ਸਿਰਫ ਇਕੋ ਰਾਤ ਇਨ੍ਹਾਂ ਦੇ ਦੀਵਾਨ ਦੇਖਣ ਦਾ ਇਤਫਾਕ ਹੋਯਾ ਹੈ। ਮੈਂ ਪਿਛੇ ਜਿਹੇ ਉਸ ਦੀਵਾਨ ਤੇ ਪੁੱਜਾ ਸਾਂ। ਰਸਤੇ ਵਿਚ ਸੰਗਤਾਂ ਦੇ ਜੱਥੇ ਖੁਸ਼ੀ ਨਾਲ ਚਾਈਂ ਚਾਈਂ ਕੀਰਤਨ ਕਰਦੇ ਪਰੇਮ ਵਿਚ ਮਸਤ ਹੋਏ ਝੂਲਦੇ ਝਾਲਦੇ ਪਿੰਡ ਲਾਗੇ ਪੁੱਜੇ ਹੋਏ ਸਨ।

ਪਹਿਲੀ ਗੱਲ ਜੋ ਮੈਂ ਡਿੱਠੀ, ਉਹ ਇਹ ਸੀ ਕਿ ਸਭ ਲੋਕ ਆਪੋ ਆਪਣੇ ਥਾਂ, ਸਾਧਾਰਨ ਤੇ ਸਾਦਾ ਪਹਿਰਾਵੇ ਵਿੱਚ ਸਨ। ਕੋਈ ਬਨਾਵਟ, ਬਨਾਉ ਸ਼ਿੰਗਾਰ ਯਾ ਜ਼ਾਹਰ ਦਾਰੀ ਨਹੀਂ ਸੀ। ਸਾਧਾਰਨ ਤੌਰ ਨਾਲ ਖੁਸ਼ੀ-ਖੁਸ਼ੀ ਜਾ ਰਹੇ ਸਨ। ਜੀਕੂੰ ਤ੍ਰਿਕਾਲਾਂ ਵੇਲੇ ਆਪਣੇ ਘਰ ਨੂੰ ਜਾਈਦਾ ਹੈ। ਜਿਸ ਤਰ੍ਹਾਂ ਹੋਰ ਮੇਲਿਆਂ ਮਸਾਦਿਆਂ ਉੱਤੇ ਆਦਮੀ ਤੀਵੀਂਆਂ ਬਣ-ਠਣ, ਟੀਪ-ਟਾਪ ਕਰਕੇ ਜਾਂਦੇ ਹਨ, ਏਥੇ ਅਜੇ ਇਹ ਉਡ ਚੰਬੜੂ ਰੰਗ ਨਹੀਂ ਵਿਆਪਿਆ, ਬਹੁਤਿਆਂ ਦੇ ਸਿਰਾਂ ਤੇ ਪੱਗਾਂ ਵੀ ਪੁਰਾਣੇ ਨਮੂਨੇ ਦੀਆਂ ਸਨ। ਉਹ ਨਮੂਨਾ ਜੋ ਅੱਜ ਤੋਂ ਢਾਈ ਸੌ ਸਾਲ ਪਹਿਲਾਂ ਸੀ। ਕੱਪੜੇ ਵੀ ਬਹੁਤੇ ਖੱਦਰ ਦੇ ਹੀ ਡਿੱਠੇ ਭਾਵੇਂ ਆਮ ਖੱਦਰ ਨੂੰ ਘਰਾਂ ਵਿੱਚ ਕੁਦਰਤ ਨੇ ਦਾਅ ਲਾਈ ਹੋਈ ਹੈ। ਹੋਰ ਤੇ ਹੋਰ ਇਨ੍ਹਾਂ ਦੇ ਸਤਿਗੁਰੂ ਮਹਾਰਾਜ ਪ੍ਰਤਾਪ ਸਿੰਘ ਹੋਰਾਂ ਦੇ ਵੀ ਖੱਦਰ ਦੇ ਕੱਪੜੇ, ਦਸਤਾਰ ਤੇ ਦੇਸੀ ਲੋਈ ਹੀ ਡਿੱਠੀ। ਮੈਂ ਜਨਤਾ ਵਿਚ ਪੱਛਮੀ ਫੈਸ਼ਨ, ਰੇਸ਼ਮ ਚਮਕੀ, ਬੋਸਕੀ ਸ਼ਹਿਰਾਂ ਵਾਲੀ ਇਥੇ ਨਹੀਂ ਡਿਠੀ। ਨਾ ਹੀ ਇਥੇ ਉਚੇਚ ਦਿਖਾਵਾ। ਨਾ ਬੈਠਣ ਖਲੋਣ ਵਿੱਚ ਹੀ ਉਚੇਚ ਤੇ ਸ਼ਹਿਰੀ ਨਖਰਾ ਸੀ, ਨਾ ਕਿਸੇ ਨੂੰ ਲੀਡਰੀ ਦੀ ਭੁਖ ਡਿਠੀ ਉਹਨਾਂ ਦੇ ਤੇ ਗੁਰੂ ਦਾ ਵੀ ਆਮ ਜਨਤਾ ਵਿਚੋਂ ਪਤਾ ਨਹੀਂ ਲਗਦਾ ਸੀ। ਜਿੰਨਾ ਚਿਰ ਕੋਈ ਓਪਰੇ ਨੂੰ ਨਾਂ ਦੱਸੇ ਅਰਥਾਤ ਸਮਾਨਤਾ ਤੇ ਏਕਤਾ ਸੀ। ਜਿਨ੍ਹਾਂ ਨੂੰ ਉਹ ਸੂਬੇ ਸੱਦਦੇ ਸਨ, ਉਹ ਵੀ ਦੀਵਾਨ ਦੇ ਲਾਗੇ ਸਾਧਾਰਨ ਸੇਵਕਾਂ ਵਾਂਗ ਸੰਗਤ ਵਿਚ ਪਏ ਫਿਰਦੇ ਕੰਮ ਕਰਦੇ ਸਨ।

ਮੈਂ ਉਥੇ ਜਾ ਕੇ ਅਖੰਡ ਪਾਠ ਜਿੱਥੇ ਹੁੰਦਾ ਸੀ, ਦਰਸ਼ਨ ਕੀਤਾ। ਫੇਰ ਵਰਨੀਆਂ ਦਾ (ਇਹ ਪੁਰਾਤਨ ਤ੍ਰੀਕਾ ਅਖੰਡ ਭਜਨ ਦਾ ਸ੍ਰੀਮਾਨ ਮਹਾਰਾਜ ਰਾਮ ਸਿੰਘ ਜੀ ਨੇ ਪ੍ਰਚਲਤ ਕੀਤਾ ਹੈ, ਜੋ ਚੁਪ ਚਾਪ ਹੁੰਦਾ ਹੈ) ਅਸੀਂ ਚਾਰ ਸਾਥੀ ਸਾਂ, ਜੋ ਰਾਤ ਇਸ ਦੀਵਾਨ ਵਿਚ ਰਹੇ। ਆਮ ਜਨਤਾ ਵਿਚ ਸਾਨੂੰ ਇਕ ਖੁਲ੍ਹੇ ਕਮਰੇ ਵਿਚ ਛੋਈ ਵਿਛੀ ਹੋਈ ਉੱਤੇ ਜਗ੍ਹਾ ਮਿਲ ਗਈ। ਸੇਵਾਦਾਰਾਂ ਨੇ ਸਾਨੂੰ ਬਿਸਤਰ ਪ੍ਰੇਮ ਨਾਲ ਛੋਈ ਦੇ ਉੱਤੇ ਵਿਛਾ ਦਿੱਤੇ। ਇਹਨਾਂ ਵਿਚ ਇਕ ਬੜੇ ਉੱਚੇ, ਲੰਮੇ, ਖੁੱਲ੍ਹੀ ਤਬੀਅਤ ਦੇ ਜਵਾਨ ਜਿਹੇ ਸਡੋਲ ਸੱਜਣ ਵੀ ਸਾਨੂੰ ਬਿਸਤਰੇ ਵਿਛਾ ਕੇ ਦੇਂਦੇ ਸਨ। ਉਹ ਡੇਰਾ ਕਰਾ ਕੇ ਲੰਗਰ ਵੱਲ ਨੂੰ ਲੈ ਗਏ ਸੀ। ਪਤਾ ਲੱਗਾ ਜੋ ਇਹ ਸ੍ਰ. ਆਤਮਾ ਸਿੰਘ ਜੀ ਸੰਪ੍ਰਦਾਇ ਕਾਨਫ੍ਰੰਸ ਦੇ ਕਰਮਚਾਰੀਆਂ ਵਿੱਚੋਂ ਹੈ ਸਨ। ਉਹਨਾਂ ਦੀਆਂ ਗੱਲਾਂ ਵਿੱਚੋਂ ਐਉਂ ਪ੍ਰਤੀਤ ਹੁੰਦਾ ਸੀ, ਜੀਕੂੰ ਪੰਥ ਲਈ ਕਾਫੀ ਸਾਰਾ ਦਰਦ ਰਖਦੇ ਹਨ।

ਲੰਗਰ ਵਿਚ ਬਹੁਤ ਸਾਦਾ ਤਰੀਕੇ ਨਾਲ ਲੰਗਰ ਤਿਆਰ ਹੋ ਰਿਹਾ ਸੀ। ਉਸੇ ਪਰਾਲੀ ਉਤੇ ਆਜ਼ਾਦਾਨਾ ਤਰੀਕੇ ਨਾਲ

ਪ੍ਰਸ਼ਾਦ ਮਿਲਿਆ, ਪਰ ਜਿਸ ਭਾਵ ਤੇ ਪਿਆਰ ਨਾਲ ਸੇਵਾਦਾਰ ਛਕਾਂਦੇ ਸੀ, ਉਸ ਨਾਲ ਉਹ ਸਵਾਦ ਆਯਾ, ਜੋ ਘਰ ਵੀ ਨਹੀਂ। ਐਂਦਾ ਵਾਈ ਘੰਟੇ ਸੰਤ ਮੰਗਲ ਸਿੰਘ ਦੇ ਹਸੋਕੜੇ ਪਰ ਯੁਕਤੀ ਪੂਰਤ ਬਿਲਾਸਾਂ ਨਾਲ ਚਿਤ ਪਰਿਚਆ ਰਿਹਾ। ਘੜੀ ਡਿਠੀ ਤੇ ੧੧ ਵਜੇ ਦੇ ਕਰੀਬ ਸੀ। ਬਾਹਰ ਡਿਠਾ ਤੇ ਦੀਵਾਨ ਲੱਗਾ ਹੋਇਆ ਸੀ, ਜੋ ਸਾਰੀ ਰਾਤ ਰਹਿਣਾ ਸੀ ਤੇ ਜਿਸ ਵਿੱਚ ਸ਼ਬਦ ਰਸ ਵਸ ਕੂਕਾਂ ਵੱਜਣ ਕਰਕੇ ਇਹਨਾਂ ਦਾ ਨਾਮ ਕੂਕੇ ਪਿਆ ਹੋਇਆ ਹੈ।

ਹੁਣ ਸੋਣ ਦਾ ਵੇਲਾ ਸੀ, ਪਰ ਮਹਾਰਾਜ ਪ੍ਰਤਾਪ ਸਿੰਘ ਹੋਰਾਂ ਦਾ ਪ੍ਰੋਗਰਾਮ ਪੁਛਿਆ ਤਾਂ ਪਤਾ ਲੱਗਾ ਜੋ ਸਵੇਰੇ ਆਪ ਦੀਵਾਨ ਲਗਾ ਦੇਂਦੇ ਹੈਨ, ਪਰ ਮੁਸ਼ਕਿਲ ਇਹ ਸੀ ਕਿ ਪੰਜ ਵਜੇ ਹੀ ਬੈਠ ਜਾਂਦੇ ਹੈਨ ਤੇ ਜੇ ਕੋਈ ਉਸ ਤੋਂ ਪਹਿਲਾਂ ਇਸ਼ਨਾਨ ਕਰਕੇ ਜਾ ਪੁੱਜੇ—ਪੋ ਸਕਦਾ ਹੈ, ਦੂਸਰਾ ਨਹੀਂ। ਪਤਾ ਲੱਗਾ ਜੋ ਮਹਾਰਾਜ ਤੇ ਸਵੇਰੇ ਹੀ ਸਣੇ ਕੇਸੀ ਅਸ਼ਨਾਨ ਕਰਕੇ ਪੂਰੇ ਪੰਜ ਵਜੇ ਆ ਜਾਂਦੇ ਹਨ ਤੇ ਸਾਢੇ ਸੱਤ ਵਜੇ ਤਕ ਜੇ ਪ੍ਰੇਮ ਦਾ ਕੀਰਤਨ ਨਾ ਕਰਨ ਤਾਂ ਉਹਨਾਂ ਨੂੰ ਰਸ ਹੀ ਨਹੀਂ ਆਉਂਦਾ।

ਇਹ ਸੁਣਕੇ ਸਾਨੂੰ ਫਿਕਰ ਲੱਗਾ ਕਿ ਪੰਜ ਵਜੇ ਤੋਂ ਪਹਿਲਾਂ ਹੀ ਉਠ ਕੇ ਅਸ਼ਨਾਨ ਕਰਕੇ ਹਾਜ਼ਰ ਹੋਣਾ ਹੈ। ਮੁਸ਼ਕਲ ਦਿਸੀ, ਚੇ ਅਸੀਂ ਤੇ ਗਰਮ ਪਾਣੀ ਦੀ ਅਣਹੋਂਦ ਦੇ ਖਿਆਲ ਨਾਲ ਘਰੋਂ ਕੱਛਹਿਰੇ ਵੀ ਨਹੀਂ ਲਿਆਏ ਸਾਂ, ਪਰ ਸਾਨੂੰ ਧੀਰਜ ਆਈ, ਜਾਂ ਸੁਣਿਆਂ ਜੋ ਮਹਾਰਾਜ ਕਿਸੇ ਖਾਸ ਸੂਰਤ ਵਿਚ ਕਿਸੇ ਓਪਰੇ ਨੂੰ ਆਵਣ ਦੀ ਮਾਫੀ ਵੀ ਦੇ ਦੇਂਦੇ ਹੈਨ।

ਗਲ ਕੀ ਅਸੀਂ ਇਨ੍ਹਾਂ ਛੋਈ ਦੇ ਬਿਸਤਰਿਆਂ ਉੱਤੇ ਸੁੱਤੇ, ਪਰ ਨਿੱਘ ਘਰ ਦੇ ਬਿਸਤਿਆਂ ਕੋਲੋਂ ਵੀ ਵੱਧ ਹੀ ਸੀ। ਇਹ ਫਿਕਰ ਸੀ ਕਿ ੫ ਵਜੇ ਤੋਂ ਪਹਿਲੇ ਹੀ ਉਠੀਏ। ਸੋ ਫਿਕਰ ਨਾਲ ੪ ਵਜੇ ਹੀ ਜਾਗ ਆ ਗਈ। ਉੱਠ ਕੇ ਜੰਗਲ ਨੂੰ ਗਏ ਤੇ ਖੂਹ ਤੇ ਪੁੱਜੇ। ਉੱਥੇ ਜਾ ਕੇ ਡਿਠਾ, ਜੋ ਸੰਗਤ ਏਥੇ ਅਸ਼ਨਾਨ ਨੂੰ ਆਵਨ ਲੱਗ ਪਈ ਹੈ। ਅੱਜ ਮਾਘ ਦੀ ਪਹਿਲੀ ਤੇ ਜਨਵਰੀ ਦੀ ੧੨ ਸੀ। ਸਿਆਲ ਭਰ ਜੋਬਨ ਤੇ ਸੀ, ਰਾਤੇਂ ਦੇ ਚਾਰ ਬਜੇ ਸੀ ਤੇ ਪਿੰਡੋਂ ਬਾਹਰ ਵਾਰ। ਮੈਂ ਕਿਹਾ ਕਿ ਇਹ ਲੋਕ ਕਿਉਂ ਬਿਪਤਾ ਭੋਗਦੇ ਹੈ ਤੇ ਐਸ ਵੇਲੇ ਠੰਢੇ ਪਾਣੀ ਨਾਲ ਹਵਾ ਵਿਚ ਨਹਾਉਂਦੇ ਹਨ। ਦੂਜੇ ਪਾਸੇ ਘਰਾਂ ਨਾਲ ਨਲਕਾ ਖਟ ਖਟ ਕਰਦਾ ਸੀ। ਜਿੱਥਿ ਮਹਾਰਾਜ ਹੋਰੀ ਬਾਜਦੇ ਸੀ ਪਰ ਉਹ ਤੇ ਆਪ ਸੁਣਿਆ ਹੈ ਜੋ ਦੋ ਵਜੇ ਹੀ ਉਠ ਕੇ ਅਸ਼ਨਾਨ ਕਰਕੇ ਨਿਤਨੇਮ ਕਰਦੇ ਹੈ।

ਮੈਂ ਖੂਹ ਉੱਤੇ ਸੋਚ ਰਿਹਾ ਹੀ ਸਾਂ ਕਿ ਇਨ੍ਹਾਂ ਲੋਕਾਂ ਨੂੰ ਨਾ ਹਵਾ ਲੱਗਣ ਦਾ ਤੇ ਨਾ ਹੀ ਨਮੋਨੀਏ ਦਾ ਡਰ ਹੈ। ਇਹ ਐਡੇ ਦਲੇਰ ਤੇ ਨਿਡਰ ਹਨ, ਸ਼ਾਇਦ ਇਨ੍ਹਾਂ ਨੇ ਕਦੇ ਨਮੋਨੀਆਂ ਡਿੱਠਾ ਹੀ ਨਹੀਂ। ਇਹ ਪਾਣੀ ਨਾਲ ਖੇਡ ਰਹੇ ਹਨ, ਫਰ ਬਾਹਰ ਹਵਾ ਵਿੱਚ।

ਮੈਂ ਹੋਰ ਹੈਰਾਨ ਹੋਇਆ ਜਦੋਂ ਮੈਂ ਡਿੱਠਾ ਕਿ ਹੁਣ ਤੇ ਦੇਵੀਆਂ ਵੀ ਆ ਰਹੀਆਂ ਹਨ। ਉਹ ਮਰਦਾਂ ਤੋਂ ਵੀ ਵੱਧ ਹੁਸ਼ਿਆਰ ਸਨ। ਹੋਸੀ ਹਨੇਰਾ ਕੁਛ। ਉਹ ਨਹਾਵਣ ਲੱਗੀਆਂ, ਬੁੱਢੀਆਂ ਵਿੱਚ ਰਲ ਵਰਤਨ ਦੀ ਐਸੇ ਮੌਕੇ ਆਦਤ ਹੁੰਦੀ ਹੈ, ਦੋ ਰਲ ਕੇ ਪਰਦਾ ਕਰ ਲੈਂਦੀਆਂ ਹਨ ਤੇ ਤੀਜੀ ਨ੍ਹਾ ਲੈਂਦੀ ਸੀ। ਰਾਤ ਦੇ ਸਵਾ ਚਾਰ ਬਜੇ ਸੀ।

ਮੈਂ ਖੂਹ ਦੇ ਪੜਾਣੇ ਵਿਚ ਵੜਿਆ ਤੇ ਇਕ ਬੁੱਢੀ ਕਹਿਣ ਲੱਗੀ, ਭਰਾ ਜੀ ਜ਼ਰਾ ਖੂਹ ਗੇੜਨਾ ਮੈਂ ਨ੍ਹਾ ਲਵਾਂ। ਮੈਨੂੰ ਗੁੱਸਾ ਆਇਆ ਕਿ ਇਹ ਬੁੱਢੀ ਗਵਾਰ ਹੈ ਮੇਰੀ ਕਦਰ ਕੂ ਦੀ ਵਾਕਫ ਹੈ? ਐਉਂ ਬੋਲਦੀ ਹੈ ਜਿਵੇਂ ਕਿਸੇ ਜਾਟੂ ਯਾ ਨੌਕਰ ਨੂੰ ਕਹੀਦਾ ਹੈ।

ਪਰ ਇਸ ਵੇਲੇ ਮੈਨੂੰ ਆਪ ਹੀ ਸ਼ਰਮ ਆਈ ਜੋ ਇਸ ਵੇਲੇ ਨਾਵਣਾਂ ਮੌਤ ਹੈ, ਨਮੂਨੀਏ ਦਾ ਡਰ ਹੈ, ਪਰ ਇਸ ਬਹਾਦਰ ਮਾਈ ਬੁੱਢੀ ਨੂੰ ਸ਼ਾਬਾਸ਼ ਹੈ, ਜੋ ਮੈਂ ਨ੍ਹਾ ਵੀ ਨਹੀਂ ਸਕਦਾ, ਖੂਹ ਗੇੜਕੇ ਨੁਵਾਯਾ। ਛੱਡਣ ਲੱਗਾ ਤਾਂ ਇਕ ਹੋਰ ਫੇਰ ਬੋਲ ਪਈ, ਭਰਾ ਜੀ ਦੋ ਫੇਰੇ ਹੋਰ ਗੇੜਨੇ। ਦੋ ਫੇਰੇ ਦੇ ਕੇ ਮੈਂ ਛੱਡਣ ਲਗਾ ਹੀ ਸਾਂ ਕਿ ਮਗਰਲੀ ਬੁੱਢੀ ਨੇ ਮੇਰਾ ਧੰਨਵਾਦ ਕੀਤਾ ਤੇ ਕਹਿਣ ਲੱਗੀ, "ਭਰਾ ਜੀ ਥੋੜੀ ਜਿਹੀ ਮਿਹਰਬਾਨੀ ਹੋਰ ਕਰੋ, ਤਾਂ ਇਸ ਬਾਲ ਨੂੰ ਵੀ ਮੈਂ ਨਵ੍ਹਾ ਲਵਾਂ।" ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਮੈਂ ਡਿੱਠਾ ਕਿ ਚੁੱਪ ਕਰਕੇ ਚਾਰ ਬਰਸ ਦੇ ਬਾਲ ਦਾ ਮੂੰਹ ਧੋਕੇ ਉਹ ਨਵਾਣ ਲੱਗੀ। ਉਹ ਬਾਲ ਵੀ ਕੁਸਕਿਆ ਨਾ ਤੇ ਮੂੰਹ ਧੋਕੇ ਆਡ ਦੇ ਬਲੇ ਹੋ ਗਿਆ। ਮਾਲੂਮ ਹੁੰਦਾ ਸੀ ਜੋ ਬਾਲ ਨੂੰ ਚਰੋਕਣੀ ਆਦਤ ਠੰਢੇ ਪਾਣੀ ਨਾਲ ਨਵ੍ਹਾਣ ਦੀ ਪਈ ਹੋਈ ਹੈ।

ਮੈਨੂੰ ਓਦੋਂ ਸ਼ਰਮ ਆਈ, ਜੋ ਮੈਂ ਤੇ ਨਾਲ ਕੱਛ ਵੀ ਨਹੀਂ ਲਿਆਇਆ ਹੋਇਆ ਹਾਂ, ਜੋ ਗਰਮ ਪਾਣੀ ਨਹੀਂ ਮਿਲਣਾ। ਪਰ ਧੰਨ ਇਹ ਕੂਕੇ, ਜੋ ਐਸ ਵੇਲੇ ਸਣਕੇਸੀ ਅਸ਼ਨਾਨ ਕਰਦੇ ਸਨ। ਧੰਨ ਇਨ੍ਹਾਂ ਦੀਆਂ ਘਰ ਦੀਆਂ ਤੇ ਧੰਨ ਇਨ੍ਹਾਂ ਦੇ ਬਾਲ।

ਇਹ ਪੂਰ ਅਜੇ ਗਿਆ ਨਹੀਂ ਸੀ, ਜੋ ਹੋਰ ਆ ਗਿਆ। ਮੈਂ ਤਾਂ ਵਿੱਚੋ ਛੱਡ ਕੇ ਉਥੋਂ ਤੁਰਨ ਦੀ ਕੀਤੀ। ਦੀਵਾਨ ਵੱਲ ਆਏ। ਪੰਜ ਵੱਜਣ ਵਿੱਚ ਕੁਛ ਮਿੰਟ ਸਨ। ਗੋਲਿਆਂ ਕੇਸਾਂ ਵਾਲੇ ਨਾਮਧਾਰੀ ਪਰਨੇ ਲਪੇਟ ਕੇ ਬੈਠੇ ਸਨ, ਦੀਵਾਨ ਸਜਿਆ ਹੋਇਆ ਸੀ, ਪਰ ਅਸਾਂ ਤੇ ਪੰਜ ਅਸ਼ਨਾਨ ਤੇ ਹੀ ਗੁਜਰਾਨ ਕੀਤੀ ਸੀ ਤੇ ਵਿਚੋਂ ਬੈਠਿਆਂ ਜਰੂਰ ਫੁਰਨਾਂ ਫੁਰਦਾ ਸੀ, ਜੋ ਅਸੀਂ ਤੇ ਸਿਨਮਾਂ ਦੇ ਰਿਐੜੀ ਟਿਕਟਾਂ ਵਾਲਿਆਂ ਮੁਫਤ ਖੋਰਿਆਂ

ਵਿਚੋਂ ਹਾਂ ਇਥੇ ਬੈਠੇ ਤੇ ਜ਼ਰੂਰ ਹਾਂ, ਪਰ ਬੈਠਣ ਦੇ ਹੱਕਦਾਰ ਨਹੀਂ ਹਾਂ।

ਪੰਜ ਵਜੇ ਸਵੇਰੇ ਦੀਵਾਨ ਵਿਚ ਮਹਾਰਾਜ ਗਿੱਲੇ ਕੇਸ ਨਿਤ ਨੇਮ ਤੋਂ ਵੇਹਲੇ ਹੋਕੇ, ਆਨ ਬਰਾਜੇ। ਮਮੂਲੀ ਫਰਸ਼ ਸੀ, ਸਿਵਾਏ ਮਿੱਟੀ ਦੇ ਦੀਵਿਆਂ ਦੇ, ਹੋਰ ਕੋਈ ਕੀਮਤੀ ਲੈਂਪ ਨਹੀਂ ਸੀ। ਆਪ ਦਿਨ ਨਿਕਲੇ ਤਕ ਬੜੇ ਪ੍ਰੇਮ ਤੇ ਮਗਨਤਾ ਵਿਚ ਲੀਨ ਹੋਏ ਕੀਰਤਨ ਕਰਦੇ ਰਹੇ। ਏਸ ਅੰਮ੍ਰਿਤ ਵੇਲੇ ਦੀ ਚੁਪ ਵਿਚ ਇਹ ਨਿਰੰਕਾਰੀ ਕੀਰਤਨ ਸੰਸਾਰੀ ਜੀਵਾਂ ਨੂੰ ਵੀ ਉਚ ਮੰਡਲ ਦਾ ਸੁਆਦ ਚਖਾ ਦਿੰਦਾ ਸੀ। ਸਚਖੰਡ ਦਾ ਦ੍ਰਿਸ਼ ਬੱਝਾ ਹੋਇਆ ਡਿਠਾ ਆਸਾ ਦੀ ਵਾਰ ਪਿਛੋਂ ਅਖੰਡ ਪਾਠਾਂ ਦਾ ਭੋਗ ਪਿਆ ਤੇ ਦੀਵਾਨ ਸਜਿਆ।

ਮਹਾਰਾਜ ਜੀ ਦੀਵਾਨ ਵਿਚ ਆਣ ਬਿਰਾਜੇ। ਸੰਗਤਾਂ ਵਾਂਗ ਹੀ ਸਾਦਾ ਖੱਦਰ ਦੇ ਕੱਪੜੇ ਤੇ ਦੇਸੀ ਲੋਈ ਸੀ। ਸੰਗਤਾਂ ਆਉਣ ਲੱਗੀਆਂ। ਉਸੇ ਤਰ੍ਹਾਂ ਸਾਦਗੀ ਤੇ ਸੁਭਾਵਕ ਤੌਰ ਨਾਲ ਬੈਠਣ ਲੱਗ ਗਈਆਂ। ਪ੍ਰਸੰਨ ਚੇਹਰੇ, ਬਿਨਾਂ ਤਕੱਲਫ ਬੈਠਦੇ ਜਾਂਦੇ ਸੀ। ਲੋਕ ਆਣ-ਆਣ ਮਹਾਰਾਜ ਜੀ ਨੂੰ ਮੱਥਾ ਟੇਕਦੇ, ਬੱਚੇ-ਬੀਬੀਆਂ ਐਉਂ ਖੁੱਲ੍ਹੇ ਦਿਲ ਲਾਡ ਨਾਲ ਮਿਲਦੇ, ਜੀਕੂੰ ਘਰ ਵਿਚ ਬਾਪੂ ਨਾਲ ਗੱਲਾਂ ਕਰਦੀਆਂ ਹੋਣ, ਤੇ ਮਹਾਰਾਜ ਵੀ ਐਉਂ ਰਾਜ਼ੀ ਹੁੰਦੇ ਸੁਖ ਸਾਂਦ ਪੁੱਛਦੇ, ਜੀਕੂੰ ਘਰ ਵਿੱਚ ਪੁੱਤਰਾਂ ਧੀਆਂ ਨਾਲ ਗੱਲਾਂ ਕਰਦੀਆਂ ਹਨ। ਬੱਚੇ ਵੀ ਹੱਸ-ਹੱਸ ਕੇ ਮਿਲਦੇ ਸੀ। ਆਪ ਬਾਲਾਂ ਨਾਲ ਬਾਲਾਂ ਵਾਂਗ, ਬ੍ਰਿਧਾਂ ਨਾਲ ਬ੍ਰਿਧਾਂ ਵਾਂਗ ਗੱਲਾਂ ਕਰਦੇ ਸੀ, ਪ੍ਰਮਾਰਥ ਵਾਲਿਆਂ ਨਾਲ ਪ੍ਰਮਾਰਥ ਦੀਆਂ। ਬਹੁਤ ਖਿਆਲ ਆਪ ਦਾ ਇਹ ਸੀ ਜੋ ਸੰਗਤ ਵਿੱਚੋਂ ਕਿਸੇ ਦੀ ਪਿੱਠ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਨਾ ਹੋ ਜਾਵੇ, ਇਸ ਲਈ ਆਪ ਸੰਗਤ ਨੂੰ ਬਠਾਂਦੇ ਸੀ। ਆਪ ਦੀਆਂ ਗੱਲਾਂ ਸਿੱਧੀਆਂ-ਸਾਦੀਆਂ, ਕੋਈ ਬਾਰੀਕ ਡੂੰਘੀ ਫਲਾਸਫੀ ਦੀਆਂ ਨਹੀਂ ਸਨ। ਸਾਧਾਰਨ, ਪਰ ਹਮਦਰਦੀ ਦੀਆਂ ਹੁੰਦੀਆਂ ਸਨ ਪਰ ਦਿਲ ਦੇ ਭਾਵ ਨਾਲ ਬੋਲੀ ਰਸ ਭਿੰਨੀ ਤੇ ਅਸਰ ਕਰਨ ਵਾਲੀ ਹੁੰਦੀ ਸੀ। ਜਿਸ ਨਾਲ ਇਕ ਪ੍ਰਮਾਰਥੀ ਦੇ ਹਿਰਦੇ ਉੱਤੇ ਡੂੰਘਾ ਅਸਰ ਪੈਂਦਾ ਸੀ। ਉਨ੍ਹਾਂ ਦੇ ਕੋਲ ਬੈਠਣ ਨਾਲ ਸ਼ਾਂਤੀ ਪ੍ਰਾਪਤ ਹੁੰਦੀ ਹੋ ਸੀ। ਸਵੇਰ ਦਾ ਵੇਲਾ ਸੀ, ਸਾਢੇ ਅੱਠ ਵੱਜ ਚੁੱਕੇ ਸੀ, ਸੰਗਤਾਂ ਭਾਈ ਨਿਧਾਨ ਸਿੰਘ ਜੀ "ਆਲਿਮ" ਦੇ ਕੀਰਤਨ ਲਈ ਬੜੀ ਚਾਹ ਨਾਲ ਉਡੀਕ ਵਿਚ ਸਨ। ਛੇਤੀ ਪਰਤ ਆਉਣ ਕਰਕੇ ਅਸੀਂ ਨਾ ਸੁਣ ਸਕੇ।

(ਸਤਿਜੁਗ ੧੦ ਮਾਘ, ੧੯੯੨)

ਜਿਨਾਂ, ਕਾਲੇ ਪਾਣੀਆਂ ਦੇ ਕਸ਼ਟ ਝੱਲੇ

ਪ੍ਰੋ. ਚਿੰਤਾਮਣੀ ਸ਼ੁਕਲਾ ਆਪਣੀ ਪੁਸਤਕ 'ਯਾਤਨਾ ਭੂਮੀ ਅੰਡੇਮਾਨ ਕਾ ਰੋਮਾਂਚਕਾਰੀ ਇਤਿਹਾਸ' ਦੇ ਪੰਨਾ ੪੬ ਉੱਤੇ ਲਿਖਦੇ ਹਨ, "ਗਿਆਰਾਂ ਨਾਮਧਾਰੀਆਂ ਨੂੰ ਜਲਾਵਤਨੀ ਦੀ ਸਜ਼ਾ ਦੇ ਕੇ ਅੰਡੇਮਾਨ ਭੇਜਿਆ ਗਿਆ ਸੀ। ਉਨ੍ਹਾਂ ਬਾਰੇ ਪੂਰਾ ਵਿਸਥਾਰ ਨਹੀਂ ਮਿਲਦਾ। ਸੰਭਵ ਹੈ ਕਿ ਉਹ ਸਾਰੇ ਉਥੇ ਹੀ ਸ਼ਹੀਦ ਹੋ ਗਏ ਹੋਣ।"

ਐਸ. ਐਨ. ਅਗਰਵਾਲ ਪੰਨਾ ੨੮ ਉੱਤੇ ਲਿਖਦੇ ਹਨ, "ਪ੍ਰਬੰਧਕੀ ਰਿਪੋਰਟ ਵਿਚ ਤਾਂ ਕੋਈ ਵੀ ਹਵਾਲਾ ਨਹੀਂ ਮਿਲਦਾ, ਪਰ ਨਾਮਧਾਰੀ ਸੁਤੰਤਰਤਾ ਸੰਗਰਾਮੀਆਂ ਦਾ ਵਰਣਨ ਜ਼ਰੂਰ ਮਿਲਦਾ ਹੈ ਕਿ ਉਹ ਅੰਡੇਮਾਨ ਗਏ ਤੇ ਸ਼ਹੀਦ ਹੋ ਗਏ। ਉਪਲਬਧ ਤਿੰਨ ਸ਼ਹੀਦ ਨਾਮਧਾਰੀ ਦੇਸ਼ ਭਗਤਾਂ ਦੇ ਨਾਂਅ ਇਸ ਤਰ੍ਹਾਂ ਹਨ—

੧. ਸਿਪਾਹੀ ਲਾਲ ਸਿੰਘ ਨੇ ਸਰਕਾਰੀ ਹਥਿਆਰ ਨਾਮਧਾਰੀਆਂ ਨੂੰ ਮੁਹੱਈਆ ਕੀਤੇ ਸਨ—ਅੰਡੇਮਾਨ ਵਿਚ ਉਹ ਸ਼ਹੀਦ ਹੋ ਗਏ।

੨. ਸ. ਲਹਿਣਾ ਸਿੰਘ ਪੁੱਤਰ ਬਲਾਕਾ ਸਿੰਘ

੩. ਲੇਹਣੀਆ ਸਿੰਘ

(ਪੁਸਤਕ ਕਾਲੇ ਪਾਣੀਆਂ ਦੀ ਦਾਸਤਾਨ' ਵਿਚੋਂ)

ਵਰਿਆਮ ਨੂੰ ਸਹਿਯੋਗ

✧ ਠੇਕੇਦਾਰ ਸੁਲੱਖਣ ਸਿੰਘ ਜੰਤਾ ਕਲੋਨੀ ਨਵੀਂ ਦਿੱਲੀ-੨੭ ਦੀ ਸੁਪਤਨੀ ਬੀਬੀ ਦਲਜੀਤ ਕੌਰ ੩ ਨਵੰਬਰ ੨੦੦੨ ਨੂੰ ਚੜਾਈ ਕਰ ਗਏ। ਉਹਨਾਂ ਨਮਿਤ ਪਾਠ ਦਾ ਭੋਗ ੧੧ ਨਵੰਬਰ ੨੦੦੨ ਨੂੰ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਨਵੀਂ ਦਿੱਲੀ-੧੫ 'ਚ ਪਾਇਆ ਗਿਆ।

ਠੇਕੇਦਾਰ ਸੁਲੱਖਣ ਸਿੰਘ ਦੇ ਮਾਤਾ ਜੀ, ਮਾਤਾ ਧੰਨ ਕੌਰ ਵੀ ਗੁਰਪੁਰੀ ਸਿਧਾਰ ਗਏ ਹਨ। ਉਹਨਾਂ ਨਮਿਤ ਪਾਠ ਦਾ ਭੋਗ ਵੀ ਰਮੇਸ਼ ਨਗਰ ਧਰਮਸ਼ਾਲਾ ਵਿਚ ਪਾਇਆ ਗਿਆ। ਇਹਨਾਂ ਅਵਸਰਾਂ ਤੇ ਵਰਿਆਮ ਵਾਸਤੇ ਢਾਈ ਢਾਈ ਸੌ ਰੁਪਏ ਵਰਿਆਮ ਵਾਸਤੇ ਅਰਪਿਤ ਕੀਤੇ ਗਏ।

✧ ਸੰਤ ਜਸਵੰਤ ਸਿੰਘ ਬੀਬੀ ਬਲਕਾਰ ਕੌਰ, ਕਾਕਾ ਧਨਵੰਤ ਸਿੰਘ, ਓਖਲਾ, ਦਿੱਲੀ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦੀ ਖੁਸ਼ੀ ਵਿਚ ਮੇਲਾ ਕੀਤਾ ਗਿਆ। ਇਸ ਸ਼ੁਭ ਅਵਸਰ ਤੇ ਵਰਿਆਮ ਵਾਸਤੇ ੫੦੦/- ਰੁਪਏ ਸਹਾਇਤਾ ਭੇਜੀ ਗਈ ਬਦਸਤ ਸੰਤ ਸਤਨਾਮ ਸਿੰਘ ਜੀ।

✧ ਸੰਤ ਬਲਬੀਰ ਸਿੰਘ ਰਾਗੀ, ਬਸਤੀ ਬੂਰੇ ਖਾਂ ਜਲੰਧਰ ਵਲੋਂ ਆਪਣੇ ਪੋਤਰੇ ਦੇ ਜਨਮ ਦੀ ਖੁਸ਼ੀ ਵਿਚ ਸਮਾਗਮ ਕਰਵਾਇਆ ਗਿਆ। ਕੀਰਤਨ ਪਾਠ ਦਾ ਭੋਗ ਅਤੇ ਲੰਗਰ ਦੀ ਸੇਵਾ ਸ਼ਰਧਾ ਨਾਲ ਕੀਤੀ ਗਈ। ਵਰਿਆਮ ਵਾਸਤੇ ੨੫੦/- ਰੁਪਏ ਸਹਾਇਤਾ ਦਿੱਤੀ ਗਈ।

ਮੈਨੂੰ ਆ ਮਿਲ ਚੀਨੀ ਵਾਲਿਆ

(ਵੱਲੋਂ ਸ੍ਰੀਮਾਨ ਲਾਲਾ ਧਨੀ ਰਾਮ ਚਾਤ੍ਰਿਕ, ਅੰਮ੍ਰਿਤਸਰ)

(ਰਾਗ ਸੋਹਣੀ)

ਅੱਜ ਨਿਖਰੀ ਸ਼ਾਨ ਬਹਾਰ ਦੀ, ਖਿੜ ਪੱਈ ਕੁਦਰਤ ਕਰਤਾਰ ਦੀ,
ਅੱਖ ਪਟੀ ਸੁੱਤੀਆਂ ਡਾਲੀਆਂ, ਫੁੱਲ ਪੱਤਰਾਂ ਟੀਪਾਂ ਢਾਲੀਆਂ,
ਕਲੀਆਂ ਨੇ ਵੇਸ ਵਟਾ ਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ।

ਮੈਂ ਤੜਫ਼ਾਂ ਤੇਰੇ ਦੀਦਾਰ ਨੂੰ, ਤੇਰੇ ਰਹਿਮਤ ਭਰੇ ਪਿਆਰ ਨੂੰ,
ਇੱਕ ਨੀਝ ਪਿਰਮ ਦੀ ਮਾਰ ਜਾ, ਮੇਰੇ ਵਿਗੜੇ ਕਾਜ ਸੁਆਰ ਜਾ,
ਮੈਨੂੰ ਗ਼ਮਾਂ ਹਿਜਰ ਦਿਆਂ ਖਾ ਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ।

ਤੂੰ ਵਸਨਾ ਏਂ ਦੇਸ ਦੁਰਾਡੜੇ, ਘਰ ਪਿਆ ਹਨੇਰਾ ਸ਼ਾੜੇ,
ਚੌਤਰਫੋਂ ਖਿਲਰੇ ਜਾਲ ਨੇ, ਵਿਸਰ ਗਏ ਸਾਰੇ ਤਾਲ ਨੇ,
ਮੈਨੂੰ ਮਾਇਆ ਨੇ ਭਰਮਾ ਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ।

ਤੇਰੀ ਸੋਹਣੀ ਸੁਘੜ ਨੁਹਾਰ ਨੂੰ, ਤੇਰੇ ਸ਼ਾਂਤ ਭਰੇ ਦਰਬਾਰ ਨੂੰ,
ਕਦੀ ਕੁਦਰਤ ਫੇਰ ਵਿਖਾਇਗੀ, ਤੇਰੇ ਚਰਨਾਂ ਨੂੰ ਪਰਸਾਇਗੀ,
ਰਾਹ ਤੱਕਦਿਆਂ ਜੁਗੜਾ ਗਾਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ।

ਤੈਨੂੰ ਹੈਨ ਤੁਫੀਕਾਂ ਸਾਰੀਆਂ, ਕਿਉਂ ਸੰਗਤਾਂ ਮਨੋਂ ਵਿਸਾਰੀਆਂ,
ਉਹ੍ਲਾ ਕਿਉਂ ਨਹੀਂ ਹਟਾਉਂਦਾ? ਵਾਗਾਂ ਕਿਉਂ ਨਹੀਂ ਭੁਆਉਂਦਾ?
ਬਹੁ ਤੇਰਾ ਹਸ਼ਰ ਵਿਖਾ ਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ।

ਜੀਵਨ ਮੇਰੀ ਜਾਨ ਦਾ, ਤੂੰ ਰਾਖਾ ਮੇਰੀ ਆਨ ਦਾ,
ਰਹਿਬਰ ਏਸ ਜਹਾਨ ਦਾ, ਤੂੰ ਹਾਦੀ ਉਸ ਜਹਾਨ ਦਾ,
ਮੈਂ ਤੇਰਾ ਦਵਾਰ ਤਕਾ ਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ।

—ਸਤਿਜੁਗ ੧੦ ਮਾਘ ੧੯੯੨

.....ਸਭਨਾਂ ਨੇ ਜਾ ਜਾ ਚੁੰਮਿਆ !

(ਵਲੋਂ :— ਸ੍ਰੀਮਾਨ ਸਰਦਾਰ ਗੁਰਬਖਸ਼ ਸਿੰਘ "ਜੱਟ" ਜੀਆ ਬੱਗਾ)

ਆਈ ਖਿਜ਼ਾਂ ਨੇ ਤੱਕਿਆ ਜਿਸ ਤਰਫ ਡਾਹਢੀ ਲੁੱਟ ਸੀ।
ਦਿਤੀ ਜੋ ਆਇਆ ਹੱਥ ਵਿਚ ਸਭਨਾਂ ਦੀ ਮਿਟੀ ਪੁੱਟ ਸੀ।
ਰੁੱਖਾਂ ਦਰਖਤਾਂ ਖੇਤੀਆਂ ਦੀ ਛਿਲ ਲਾਹ ਕੇ ਖਾ ਗਈ।
ਸਭ ਕੁਝ ਹੜਪੂੰ ਕਰ ਗਈ ਏਹ ਡੈਨ ਕਿਥੋਂ ਆ ਗਈ।

ਬਾਗਾਂ ਦੇ ਪੱਤਰ ਸੁਕ ਕੇ ਫਿਰਦੇ ਸੀ ਥਾਂ-ਥਾਂ ਖੜਕਦੇ।
ਜਿਸ ਦਾ ਮੈਂ ਸੀਨਾ ਫੋਲਿਆ ਦੁਖ ਸਨ ਕਲੇਜੇ ਰੜਕਦੇ।
ਨਾ ਬੁਲਬੁਲਾਂ ਸਨ ਬਾਗ ਵਿਚ, ਤੋਤੇ ਨਾ ਮੈਨਾ ਮੋਰ ਸਨ।
ਕੋਇਲ ਨਾ ਕਿਧਰੇ ਕੂਕਦੀ, ਕਾਂਵਾਂ ਦੇ ਥਾਂ ਥਾਂ ਸ਼ੋਰ ਸਨ।

ਸਭਨਾਂ ਦੇ ਗਲ ਵਿਚ ਏਸ ਨੇ ਪਾਇਆ ਅਜੇਹਾ ਫਾਹ ਸੀ।
ਜੀ ਜੀ ਦੇ ਅੱਗੇ ਪੌਣ ਵੀ ਲੈਂਦੀ ਪਈ ਠੰਢੇ ਸਾਹ ਸੀ।
ਆਇਆ ਅੜਿਕੇ ਵਿਚ ਜੋ, ਲੱਗੀ ਵਾਂਗਰ ਜੋਕ ਦੇ।
ਸਾਰੇ ਈ ਫੜਕੇ ਖਾ ਗਈ ਅੱਗੋ ਜੋ ਇਸ ਨੂੰ ਰੋਕ ਦੇ।

ਲੱਭਾ ਨਾ ਜਦ ਕੁਝ ਖਾਨ ਨੂੰ ਕਰਕੇ ਦਲੀਲਾਂ ਪੱਕੀਆਂ।
ਸਿੱਖਾਂ ਦੇ ਘਰ ਵਲ ਤਕਕੇ ਲੱਗੀ ਸੀ ਫਕਨ ਫੱਕੀਆਂ।
ਲਾਈ ਚਵਾਤੀ ਖਿਚ ਕੇ ਇਸ ਨੇ ਅਜੇਹੀਆਂ ਆਂਉਦਿਆਂ।
ਲੱਗੇ ਲੜਨ ਆਪਸ ਵਿਚ ਸਿਖ ਗੋਂਦਿਆਂ ਹੀ ਗੋਂਦਿਆਂ।

ਬੇਟੇ ਨੇ ਕੀਤਾ ਬਾਪ ਨੂੰ ਭਾਈ ਨੇ ਭਾਈ ਕਤਲ ਸੀ।
ਸਿੱਖਾਂ ਦੀ ਮਾਰ ਮਤ ਚਾ ਹੁੰਦਾ ਅਜੇਹਾ ਅਦਲ ਸੀ।
ਬਹਿਦਾ ਸੀ ਜੇਹੜਾ ਤਖਤ ਤੇ ਤਲਵਾਰ ਗਲ ਦਾ ਹਾਰ ਸੀ।
ਹਫਤਾ ਨ ਸੀ ਕੁਈ ਕਢਦਾ ਗਰਦਣ ਤੋਂ ਹੁੰਦੀ ਪਾਰ ਸੀ।

ਤਲਵਾਰ ਤੋਂ ਜੋ ਬਚ ਰਿਹਾ ਏਹ ਮਾਰ ਉਤੋਂ ਲਤ ਚਾ।
ਹੇਠੋਂ ਜਦੋਂ ਸਨ ਲੰਘਦੇ ਸੀ ਡੇਗ ਦੇਂਦੀ ਛੱਤ ਚਾ।
ਚੁਣ ਚੁਣ ਕੇ ਲੁਕਮੇ ਕਰ ਗਈ ਸਿੱਖਾਂ ਦੇ ਕਰਮੋ ਕਾਂਡ ਦੇ।
ਬੱਚਿਆਂ ਨਾ ਕੋਈ ਇਕ ਵੀ ਆਇਆ ਜੋ ਹਥ ਇਸ ਰਾਂਡ ਦੇ।

ਲੱਗੇ ਨਚਾਵਨ ਰੰਡੀਆਂ ਭੇਡਾਂ ਦੇ ਬਨ ਗੇ ਯਾਰ ਸਨ।
ਲਾਂਹਦੇ ਕਛਹਿਰੇ ਸਨ ਤਦੋਂ ਸਿੱਖਾਂ ਦੇ ਸਿਖ ਸ੍ਰਦਾਰ ਸਨ।
ਪੀ ਪੀ ਸ਼ਰਾਬ ਕਬਾਬ ਨੂੰ ਖਾਂਦੇ ਸੀ ਮੁਛ ਮਰੋੜ ਕੇ।
ਬਹਿੰਦੇ ਸੀ ਸਿੱਖੀ ਧਰਮ ਦੀ ਅਸਲੋਂ ਈ ਬੱਤੀ ਬੱਤ ਕੇ।

ਸੁਚ ਸੋਧ,ਜਤ,ਸਤ,ਰੁੜ੍ਹ ਗਿਆ ਵਿਚ ਕਾਮ ਵਾਲੀ ਨਹਿਰ ਦੇ।
ਉਠ ਕੇ ਜੋ ਪੜ੍ਹਦੇ ਬਾਣੀਆਂ ਸਨ ਸਿਖ ਤੜਕੇ ਪਹਿਰ ਦੇ।
ਦੀਵਾਨ ਨਾ ਨਸ਼ਾਨ ਨਾ ਝੰਡੇ ਨਾ ਸਿਧੀ ਝੁੱਲਦੇ।
ਦਾਹੜੀ ਤੇ ਮੁੱਛਾਂ ਪੁਟਨਾਂ ਇਹ ਕੰਮ ਹੋਸਨ ਕੁੱਲ ਦੇ।

ਦਸ਼ਮੇਸ਼ ਜੀ ਦੀ ਰਹਿਤ ਤੇ ਉਪਕਾਰ ਸਾਰੇ ਭੁਲ ਗਏ।
ਵਿਸ਼ਿਆਂ ਵਿਕਾਰਾਂ ਤੇ ਕੁਰਹਿਤਾਂ ਦੇ ਹੀ ਬੂਹੇ ਖੁਲ੍ਹ ਗਏ।
ਭੈਣੀ ਦੇ ਅੰਦਰ ਨੂਰ ਦਾ ਉਸ ਵਕਤ ਸੋਮਾਂ ਫੁਟਿਆ।
ਸਤਿਜੁਗ ਦਾ ਸੂਰਜ ਚੜ੍ਹ ਪਿਆ ਕਲਜੁਗ ਦਾ ਤਾਰਾ ਟੁੱਟਿਆ।

ਧਰਤੀ ਦਾ ਸੀਨਾ ਟਹਿਕਿਆ ਥਾਂ ਥਾਂ ਤੇ ਮਹਿਕੇ ਫੁੱਲ ਨੇ।
ਫੁਲਾਂ ਨੂੰ ਜਿਸ ਦਮ ਵੇਖਿਆ ਬੁਲਬੁਲ ਦੇ ਫੁਰਕੇ ਬੁਲ੍ਹ ਨੇ
ਭੌਰੇ ਗੁੰਜਾਰਾਂ ਕਢਦੇ ਕਲੀਆਂ ਨੇ ਖੋਲ੍ਹੇ ਮੁਖੜੇ।
ਦਿਸੀ ਖਿਜ਼ਾਂ ਨਾ ਭੱਜਦੀ ਨਸੇ ਨਾ ਦਿਸੇ ਦੁਖੜੇ।

ਰਾਏ ਸਿੰਘ ਨੂੰ ਸਿੰਘ ਤੋਂ ਵਾਹ ਵਾਹ ਛੁਡਾਵਨ ਵਾਲਿਆ।
ਬੁੱਢੀ ਦੇ ਮੋਏ ਪੁਤ ਨੂੰ ਵਾਹ-ਵਾਹ ਬਚਾਵਨ ਵਾਲਿਆ।
ਤੇਰੇ ਇਹ ਸਭ ਉਪਕਾਰ ਨੇ ਘਰ ਘਰ ਖੁਲ੍ਹੇ ਦਰਬਾਰ ਨੇ।
ਧੀਆਂ ਬਚਾਈਆਂ ਮਰਨ ਤੋਂ ਤੇਰੇ ਵਿਹਾਰ ਸੁਧਾਰ ਨੇ।

ਵਾਹ ਪ੍ਰੇਮ ਤੇਰੇ ਨੇਮ ਨੇ, ਵਾਹ ਸਾਦਗੀ ਦੇ ਵਾਹ ਕਰਮ ਨੇ।
ਵਾਹ ਸੁਚ ਤੇਰੀ ਸੋਧ ਵਾਹ ਇਤਿਫਾਕ ਤੇ ਵਾਹ ਧਰਮ ਨੇ।
ਸਭਨਾਂ ਨੂੰ ਛਾਤੀ ਲਾ ਲਿਆ ਇਕ ਪ੍ਰੇਮ ਸੋਮਾਂ ਸੁੰਮਿਆ।
ਭੈਣੀ ਦੀ "ਜੱਟਾ" ਰੇਤ ਨੂੰ ਸਭਨਾਂ ਨੇ ਜਾ ਜਾ ਚੁੰਮਿਆ।

(ਸਤਿਜੁਗ ੧੦ ਮਾਘ ੧੯੯੨)

ਸਿੱਖ ਸੰਪਰਦਾ ਕਾਨਫਰੰਸ ਦਾ ਮਨੋਰਥ

(ਵੱਲੋਂ ਸ੍ਰੀਮਾਨ ਸੁਦਾਰ ਲਾਲ ਸਿੰਘ ਜੀ "ਕੰਵਰ")

ਇਹਦਾ ਪੱਥਰ ਨਾ ਉਸਦੀ ਇੱਟ ਹੋਵੇ

ਰੱਬੀ ਪੰਥ ਦੀ ਸ਼ਾਨ ਦੇ ਕੱਪੜੇ ਤੋਂ, ਦੂਰ ਫੁੱਟ ਤੇਜ਼ਾਬ ਦੀ ਛਿੱਟ ਹੋਵੇ।
ਹੋਵਨ ਉੱਜਲੇ ਸਭ ਦੇ ਦਿਲ ਐਸੇ, ਰੱਤੀ ਜਿੰਨੀ ਨ ਹਸਦ ਦੀ ਭਿੱਟ ਹੋਵੇ।
ਕਿਸੇ ਰੰਗ ਦਾ ਹੋਵੇ ਕੋਈ ਮਨ ਖਿੱਚੋ, ਨੁਕਤਾਚੀਨੀ ਦੀ ਮੂਲ ਨ ਹਿੱਟ ਹੋਵੇ।
ਚਾਲੀ ਲੱਖ ਸਿਰ ਲੱਥਿਆਂ ਆਸ਼ਕਾਂ ਲਈ, ਸਾਂਝੀ ਨਾਨਕ ਪਿਆਰੇ ਦੀ ਲਿੱਟ ਹੋਵੇ।
ਸਿੱਖੀ ਵਿੱਚ ਰਹਿ ਕਰੇ ਅਖਤਿਆਰ ਓਹੋ, ਜਿਹੜਾ ਵੇਸ ਕੋਈ ਕਿਸੇ ਨੂੰ ਫਿੱਟ ਹਵੇ।
ਹੋਵੇ ਮਹਿਲ ਮਿਲਾਪ ਦਾ ਜਿਹਾ ਬਣਿਆ, ਇਹਦਾ ਪੱਥਰ ਨਾ ਓਸਦੀ ਇੱਟ ਹੋਵੇ।

ਚਾਲੀ ਲੱਖ ਭਰਾਵਾਂ ਨੇ ਖਾਲਸਾ ਜੀ, ਅੱਸੀ ਸਾਲ ਤੱਕ ਰੱਜ ਕੇ ਲੜ ਲਿਆ ਏ।
ਕਿਸੇ ਧਿਰ ਦਾ ਸੌਰਿਆ ਕੁਝ ਵੀ ਨਹੀਂ, ਐਵੇਂ ਪੰਥ ਨੂੰ ਦੁਖ ਵਿੱਚ ਕੜ ਲਿਆ ਏ।
ਪਾਣੀ ਪੀ ਪੀ ਬਹਿਸ ਵਿੱਚ ਸੜ ਲਿਆ ਏ, ਇੱਕ ਦੂਜੇ ਦੇ ਰਾਹ ਵਿੱਚ ਅੜ ਲਿਆ ਏ।
ਸਾਨੂੰ ਡੁੱਬਣਾ ਸ਼ਰਮ ਹੈ ਜਦੋਂ ਅਸਾਂ, ਪੱਲਾ, ਨਾਨਕ ਮਲਾਹ ਦਾ ਫੜ ਲਿਆ ਏ।
ਸਿੱਖ ਸਿੱਖ ਨੂੰ ਗੁਰੂ ਦਾ ਰੂਪ ਸਮਝੇ, ਕੋਈ ਵਲੰਗਟਨ[1] ਭਾਵੇਂ ਕੋਈ ਪਿੱਟ[2] ਹੋਵੇ।
ਸੀਨੇ ਐਸੇ ਭਰਾਵਾਂ ਦੇ ਮਿਲੇ ਹੋਵਨ, ਇਹਦਾ ਪੱਥਰ ਨ ਓਸਦੀ ਇੱਟ ਹੋਵੇ।

ਮੁੱਢ ਇੱਕ ਨਿਸ਼ਾਨਾ ਹੈ ਇੱਕ ਸਾਡਾ, ਨਾਤਾ ਪਿਆਰ ਦਾ ਦਿਲੀ ਵਧਾਈ ਜਾਵੇ।
ਇੱਕ ਦੂਏ ਨੂੰ ਟੋਕਣਾ ਛੱਡ ਦੇਵੇ, ਆਪੋ ਆਪਣੇ ਰਾਹ ਤੇ ਧਾਈ ਜਾਵੇ।
ਆਪੋ ਆਪਣੇ ਭਾਂਡੇ 'ਚ' ਦੁੱਧ ਪਾ, ਜਾਗ ਨਾਨਕੀ ਮੱਤ ਦਾ ਲਾਈ ਜਾਵੇ।
ਸ਼ਾਖਾਂ ਬਣਕੇ ਪੰਥ ਦੇ ਬਿਰਛ ਦੀਆਂ, ਉੱਲਰ-ਉੱਲਰ ਕੇ ਜੱਗ ਤੇ ਛਾਈ ਜਾਵੇ।
ਜਾਵੇ ਪੰਥ ਦੇ ਦਫਤਰੋਂ ਰੋਕਿਆ ਨਾ, ਜਿਦ੍ਹੇ ਕੋਲ ਕੋਈ ਸਿੱਖੀ ਦੀ ਚਿੱਟ ਹੋਵੇ।
'ਕੰਵਰ' ਇੱਕ ਫੁਲਵਾੜੀ ਦੇ ਫੁੱਲ ਬਣੀਏ, ਇਹਦਾ ਪੱਥਰ ਨ ਓਸਦੀ ਇੱਟ ਹੋਵੇ।

—ਸਤਿਜੁਗ ੧੦ ਮਾਘ ੧੯੯੨

੧. ਡਿਊਕ ਆਫ ਵਲੰਗਟਨ ਪ੍ਰਸਿੱਧ ਅੰਗਰੇਜ਼ੀ ਜਰਨੈਲ   ੨. ਇਕ ਚੋਟੀ ਦਾ ਇੰਗਲਿਸ਼ ਵਜ਼ੀਰ

ਲਓ ! ਕੋਈ ਗੁਰੂ ਗੋਬਿੰਦ ਸਿੰਘ ਆਇਆ

—ਕ੍ਰਿਸ਼ਨ ਲਾਲ ਪਰਵਾਨਾ

ਮੈਂ ਰਾਂਝਾ ਤੂੰ ਹੀਰ ਸਲੇਟੀ, ਇਸ਼ਕ ਤੇਰੇ ਨਾਲ ਕੁਟਿਆ।
ਤੂੰ ਅਰਸ਼ਾਂ 'ਤੇ ਮੈਂ ਫ਼ਰਸ਼ਾਂ 'ਤੇ, ਇਹ ਕੀ ਮੈਨੂੰ ਸੁਝਿਆ ?

ਖੈਰ ! ਗੱਲ ਕੋਈ ਐਸੀ ਨਹੀਂ ਹੈ, ਮੇਲ ਤੇਰਾ ਤੇ ਮੇਰਾ।
ਅਰਸ਼ ਆਸਾਡੀ ਮੁੱਠੀ ਵਿਚ ਹੈ, ਤੇ ਫ਼ਰਸ਼ਾਂ 'ਤੇ ਹੈ ਡੇਰਾ।

ਖ਼ੂਨ ਖੌਲਦਾ ਉੱਪਰ ਜਾਣਾ, ਹੁਣ ਨਹੀਂ ਹੇਠ ਨੂੰ ਆਉਣਾ।
ਇਕ ਦਿਨ ਮਿਹਨਤਕਸ਼ ਨੇ ਤੇਰੇ ਗਲਮੇ ਨੂੰ ਹੱਥ ਪਾਉਣਾ।

ਸੀਨਾ ਜੋਰੀ, ਧੱਕੇ ਸ਼ਾਹੀ, ਕਦ ਤਕ ਰਹੇਗੀ ਬੁੱਕਦੀ ?
ਕਦ ਤਕ ਰਹੇਗੀ ਪੂੰਜੀਵਾਦੀ, ਮਜ਼ਲੂਮਾਂ ਤੇ ਥੁੱਕਦੀ ?

ਲਾਲ ਹਨੇਰੀ ਜਦ ਕਦ ਆਵੇ, ਸਭ ਕਹਿਣ ਕਤਲ ਕੋਈ ਹੋਇਆ।
ਪਰ ਮਿਹਨਤ-ਕਸ਼ ਦੇ ਕਈ ਕਤਲਾਂ ਨੂੰ ਤੂੰ ਖੰਭਾਂ ਹੇਠ ਲੁਕੋਇਆ।

ਹਰ ਕੌਮ ਦੇ ਜੂਝਣ ਉੱਤੇ, ਕੋਈ ਆਖਰ ਕੈਦੋਂ ਡੰਗੇ।
ਪਰ ਹੁਣ ਸਾਥੋਂ ਕੈਦੋਂ ਵੀ ਨਾ, ਡੰਗਿਆ ਪਾਣੀ ਮੰਗੇ।

ਪਾਪ ਜਦੋਂ ਵਧਦਾ ਧਰਤੀ 'ਤੇ, ਕੋਈ ਫੇਰ ਪੈਗ਼ੰਬਰ ਆਵੇ।
ਲੱਖ ਯਤਨ ਕਰਨ 'ਤੇ ਨਾ ਆਵੇ ਕਾਬੂ, ਸੰਘੀ ਕੰਸੇ ਦੀ ਹੱਥ ਪਾਵੇ।

ਇਕਮਿਕ ਨਾਲ ਅਕਲੀਅਤਾਂ ਦੇ ਹੁੰਦਾ, ਸਭ ਕੌਰੋਂ ਮਾਰ ਮੁਕਾਉਂਦਾ।
ਪ੍ਰਹਿਲਾਦ ਬਚਾਵਣ ਲਈ ਆਖਰ ਨਰਸਿੰਘ ਦਾ ਰੂਪ ਦਿਖਾਉਂਦਾ।

ਹੁਣ ਵੀ ਧਰਤੀ ਡੋਲ ਰਹੀ ਹੈ, ਬੋਝ ਪਾਪ ਦਾ ਲੈ ਕੇ।
ਕੋਈ ਆਵੇ ਤੇ ਧਰਮ ਬਚਾਵੇ, ਸੋਚ ਰਹੀ ਰਹਿ, ਰਹਿ ਕੇ।

ਮੁਗ਼ਲ-ਕਾਲ ਜਿਹਾ ਸਮਾਂ-ਭਾਰਤੀ, ਵਿਚ ਵਿਸ਼ਵ ਹੁਣ ਛਾਇਆ।
'ਪਰਵਾਨੇ' ਦੀ ਜਾਚੇ ਲਓ, ਕੋਈ ਗੁਰੂ ਗੋਬਿੰਦ ਸਿੰਘ ਆਇਆ।

੭ ਕਨਾਟ ਸਰਕਸ, ਵੈਸ਼ਨੋ ਦੇਵੀ ਬਿਲਡਿੰਗ
ਸਾਹਮਣੇ ਪੰਜਾਬ ਕੇਸਰੀ, ਜਲੰਧਰ

ਗ਼ਾਫ਼ਿਲ

—ਤਰਲੋਕ ਸਿੰਘ ਕੋਮਲ, ਮੁਬੰਈ

ਹੋਕਾ ਸੁਣ ਵਣਜਾਰਿਆ, ਗੂੜ੍ਹੀ ਨੀਂਦ ਤਿਆਗ।
ਟੱਲ ਹੈ ਸਿਰ 'ਤੇ ਖੜਕਦਾ, ਜਾਗ ਮੁਸਾਫ਼ਿਰ ਜਾਗ।

ਗ਼ਾਫ਼ਿਲ ਨਾ ਬਣ ਹੋਸ਼ ਕਰ, ਵਸਤੂ ਸਾਂਭ-ਸੰਭਾਲ।
ਬਣ ਪਰਛਾਵਾਂ ਵਿਚਰਦੇ, ਠੱਗ ਨੇ ਤੇਰੇ ਨਾਲ।

ਪੰਜਾਂ ਲਾਈ ਘਾਤ ਹੈ, ਗੱਠੜੀ ਪੱਕੀ ਬੰਨ੍ਹ।
ਤੂੰ ਸੁੱਤਾ ਉਹ ਜਾਗਦੇ, ਲੱਗ ਨਾ ਜਾਏ ਸੰਨ੍ਹ।

ਦਿਲੋਂ ਦਲਿੱਦਰ ਦੂਰ ਕਰ, ਉੱਦਮ ਕਰ ਮਨਜ਼ੂਰ।
'ਕੋਮਲ' ਤੜਕੇ ਉਠਦੇ, ਜਾਣਾ ਜਿਨ੍ਹਾਂ ਦੂਰ।

ਬੁਜ਼ਦਿਲ

—ਨਵਰਾਹੀ ਘੁਗਿਆਣਵੀ

ਪੱਲੂ ਨਹੀਂ ਫੜਾਂਦੇ ਬੁਜ਼ਦਿਲ।
ਬੁਰਾ ਸਭਸ ਦਾ ਚਾਹੁੰਦੇ ਬੁਜ਼ਦਿਲ।
ਗ਼ਰਜ਼ ਸਮੇਂ ਮੱਖੀਆਂ ਵੱਤ ਭਿਣਕਣ,
ਮੁੜ ਕੇ ਨਹੀਂ ਥਿਆਉਂਦੇ ਬੁਜ਼ਦਿਲ।
ਕਰਨ ਖ਼ੁਸ਼ਾਮਦ, ਮਿੱਠੀਆਂ ਮਾਰਨ,
ਲਿਫ਼ ਲਿਫ਼ ਸੀਸ ਝੁਕਾਉਂਦੇ ਬੁਜ਼ਦਿਲ।
ਨਿੱਕੇ ਨਿੱਜੀ ਮੁਫ਼ਾਦ ਦੀ ਖ਼ਾਤਿਰ,
ਦੂਜੇ ਦਾ ਸਿਰ ਲਾਹੁੰਦੇ ਬੁਜ਼ਦਿਲ।
ਕਿੰਨਾ ਵੀ ਤੁਸੀਂ ਕਰੋ ਉਨ੍ਹਾਂ ਲਈ,
ਓਸੇ ਵਕਤ ਭੁਲਾਉਂਦੇ ਬੁਜ਼ਦਿਲ।
ਖ਼ੁਸ਼ੀ ਮਿਲੇ ਤਾਂ ਫਟ ਜਾਂਦੇ ਨੇ,
ਪੀੜ ਦੇਖ ਕੁਰਲਾਉਂਦੇ ਬੁਜ਼ਦਿਲ।
ਤੰਗ ਜਿਹੀ ਤੱਕਣੀ ਦੇ ਕਾਇਲ,
ਪੁੱਠੇ ਰਾਹ ਅਪਣਾਉਂਦੇ ਬੁਜ਼ਦਿਲ।
ਆਪ ਤਾਂ ਸਭ ਕੁਝ ਕਹਿ ਲੈਂਦੇ ਨੇ,
'ਓਇ' ਨਹੀਂ ਅਖਵਾਉਂਦੇ ਬੁਜ਼ਦਿਲ।
'ਨਵਰਾਹੀ' ਬਦਬਖ਼ਤ ਨਿਕੰਮੇ,
ਸੁੱਤੀਆਂ ਕਲਾਂ ਜਗਾਉਂਦੇ ਬੁਜ਼ਦਿਲ।

ਦੋ ਰਚਨਾਵਾਂ / ਦਲਬੀਰ ਸਿੰਘ 'ਤਰਸ'

'ਲਹਿਰਾਂ' ਵਿਚੋਂ

੧. ਜਿਨ੍ਹਾਂ ਨੇ ਪਾਇਆ ਗਲ ਵਿੱਚ ਸੱਜਣਾ
ਤੇਰੇ ਪ੍ਰੇਮ ਯਰਾਨਾ।
ਧੜ ਧਰਤੀ ਤੇ ਤੁਰਦੇ ਫਿਰਦੇ
ਅੰਬਰੀਂ ਰੱਖਣ ਟਿਕਾਣਾ।
ਇਸ ਜੀਵਨ ਦੀ ਰਾਤ ਅਮਾਵਸ
ਉਹ ਘੁੱਟ ਘੁੱਟ ਕਰ ਪੀ ਜਾਂਦੇ ;
ਸਰਗੀ ਵੇਲੇ ਦੇ ਵਣਜਾਰੇ
ਸਭ ਮੁੱਲ ਜਾਣਦੇ ਪਾਣਾ।

੨. ਉੱਡਣੇ ਵਾਲੇ ਅਨਭਵ ਪੰਛੀ
ਛੋੜ ਛੱਡ ਕੇਦੀ ਨਵੀਂ ਕਹਾਣੀ।
ਕਿਵੇਂ ਗੀਤ ਦੀਆਂ ਧਾਰਾਂ ਦੇ ਵਿੱਚ
ਸਾਜਨ ਵਹਿਦਾ ਬਣ ਬਣ ਪਾਣੀ।
ਕਿਵੇਂ ਹਿਜਰ ਦੇ ਵਿਚ ਡੋਡੀਆਂ
ਫੇਰ ਖੁਲ੍ਹਣ ਤੇ ਆਈਆਂ ;
ਚੁਪ ਥਲਾਂ ਦੀ ਧਰਤੀ ਉੱਤੇ
ਗੁਮਕ ਉੱਠੀ ਜ਼ਿੰਦਗਾਨੀ।

੩. ਪਤਾ ਨਹੀਂ ਬਣਦੇ ਵੇ ਵਾਸੀ
ਤੇਰੇ ਮਿੱਠੜੇ ਕਿਉਂ ਲੱਗਦੇ ਬੋਲ
ਇਨ੍ਹਾਂ ਬੋਲਾਂ ਚੋਂ ਗੀਤ ਵੇ ਉਗਦੇ
ਪੁੱਜਣ ਸੱਜਣ ਦੇ ਕੋਲ।
ਸਾਜਨ ਮੁਹਿਆ ਜਾ ਨਾ ਮੁਹਿਆ
ਉਸਦੀਆਂ ਉਹੀਓ ਜਾਣੇ ;
ਮਿਹਰਾਮਤ ਦੀ ਬਖਸ਼ਸ਼ ਸਦਕਾ
ਸਾਡੀ ਉਛਲੀ ਭਰ ਕੇ ਝੋਲ।

'ਪ੍ਰਦੇਸਣ' ਵਿਚੋਂ

੧. ਪ੍ਰਦੇਸਣ ਮੇਰੀ ਜਿੰਦੜੀਏ!
ਮਾਹੁ ਸਾਵਣ ਮੁੜ ਆਇਓ।
ਮੌਲ ਰਹੇ ਦਿਨ੍ਹਾਂ ਅੰਗੀਂ ਸਖੀਏ
ਕਿਉਂ ਨਾ ਸਾਜਨ ਸੰਗਤ ਪਾਇਓ।
ਅੰਮ੍ਰਿਤ ਬੂੰਦ ਇਕਾ ਮਨ ਲਾਗੇ
ਸਹਜ ਅਨੰਦ ਧੁੰਨ ਮੇਲ ਕਰਾਏ;
ਗੁਰ ਚਰਨੀ ਮਿਲ ਮਨੂਆ ਨਾਚੇ
ਮੇਰੀ ਮੈਂ ਘੁਲ ਮਸਤ ਹੋ ਜਾਏ ;
ਸਖੀਏ ਮਾਹੁ ਸੁਹਾਵਣਾ
ਜਿਨ੍ਹਾਂ ਚਿਤ ਵਸਿਆ ਹਰ ਨਾਇਓ।

੨. ਪ੍ਰਦੇਸਣ ਮੇਰੀ ਜਿੰਦੜੀਏ!
ਨੀਲ ਅੰਬਰ ਇਕ ਤਾਰਾ ਨੀ।
ਲੰਮੀ ਲੀਕ ਛੱਡ ਕੇ ਤੁਰ ਗਿਆ
ਪਤਲਾਂ ਵਿਚ ਕੀਨ ਉਤਾਰਾ ਨੀ।
ਧੰਨ ਭਾਗ ਉਨ੍ਹਾਂ ਸਖੀਆਂ ਦੇ
ਜੋ ਅੰਬਰ ਖੇੜਾ ਮਾਣਦੀਆਂ :
ਸਦਾ ਸਦਾ ਲਈ ਰਹਿੰਦੀਆਂ ਖਿੜੀਆਂ
ਹਰਿ ਸੰਗ ਰੈਣ ਗੁਜ਼ਾਰਦੀਆਂ ;
ਪੂਰਬ ਕਰਮ ਕਮਾਣੇ ਕੀਤੇ,
ਤਾਂ ਮਿਲਦਾ ਮੋਖ ਦੁਆਰਾ ਨੀ।

੩. ਪ੍ਰਦੇਸਣ ਮੇਰੀ ਜਿੰਦੜੀਏ!
ਯਾਦਾਂ ਦਾ ਗਲ ਗਹਿਣਾ ਪਾਓ।
ਐਸੀ ਪ੍ਰੀਤ ਕਰੋ ਸੰਗ ਪ੍ਰੀਤਮ
ਪਲ ਪਲ ਜੀਵਨ ਸੰਗ ਹੰਢਾਓ।
ਜਿਸ ਜਿਸ ਆਪਾ ਇਸ ਰਾਹ ਪਾਇਆ
ਅਕੱਥ ਆਨੰਦ ਮਹਿ ਰਹੇ ਸਮੋਏ ;
ਪ੍ਰੇਮ ਜਪੇ ਜੋ ਪਰਮ ਪਵਿੱਤਰ
ਪ੍ਰੇਮ ਰੰਗੀ ਰੰਗ ਪ੍ਰੀਤਮ ਹੋਏ
ਇਕ ਜੀਵਨ ਵਿਚ ਧੁੰਨ ਕਮਾਓ
ਇਸ ਸਾਜਨ ਸਦਾ ਰਿਦ ਵਸਾਓ

ਗੀਤ

—*ਕਰਨੈਲ ਸਿੰਘ ਅਸਪਾਲ*

ਅਵਤਾਰਾਂ ਦੇ ਅਵਤਾਰ ਗੁਰ ਗੋਬਿੰਦ ਸਿੰਘ,
ਧਾਰ ਲਿਆ ਅਵਤਾਰ ਗੁਰ ਗੋਬਿੰਦ ਸਿੰਘ

ਪੋਹ ਸੁਦੀ ਸਤਵੀਂ ਦਾ ਦਿਨ ਆਇਆ,
ਦੇਵਤਿਆਂ ਰਲ ਮੰਗਲ ਗਾਇਆ
ਘਰ ਗੁਜਰੀ ਦੇ ਆਏ ਦਾਤਾਰ, ਗੁਰ ਗੋਬਿੰਦ ਸਿੰਘ
ਅਵਤਾਰਾਂ ਦੇ ਅਵਤਾਰ ਗੁਰ ਗੋਬਿੰਦ ਸਿੰਘ

ਤੇਗ ਬਹਾਦਰ ਦਾ ਇਹ ਜਾਇਆ,
ਦੁਨੀਆਂ ਵਿਚ ਇਤਿਹਾਸ ਬਣਾਇਆ
ਤੇਥੋਂ ਜਾਵਾਂ ਮੈਂ ਬਲਿਹਾਰ, ਗੁਰ ਗੋਬਿੰਦ ਸਿੰਘ
ਅਵਤਾਰਾਂ ਦੇ ਅਵਤਾਰ, ਗੁਰ ਗੋਬਿੰਦ ਸਿੰਘ

ਸੂਰਮਿਆਂ ਚੋਂ ਸੂਰੇ ਉੱਚੇ,
ਕਵੀਆਂ ਵਿਚੋਂ ਕਵੀ ਪਹੁਚੇ,
ਉਹ ਕਵੀਆਂ ਦਾ ਦਿਲਦਾਰ, ਗੁਰ ਗੋਬਿੰਦ ਸਿੰਘ
ਅਵਤਾਰਾਂ ਦਾ ਅਵਤਾਰ, ਗੁਰ ਗੋਬਿੰਦ ਸਿੰਘ

ਧਰਮ ਦੀ ਖਾਤਰ ਜੰਗ ਜੋ ਕੀਤੇ,
ਸਬ ਜੰਗਾਂ ਵਿਚ ਉਹ ਸਨ ਜੀਤੇ
ਖਾਧੀ ਨਹੀਂ ਸੀ ਹਾਰ, ਗੁਰ ਗੋਬਿੰਦ ਸਿੰਘ
ਅਵਤਾਰਾਂ ਦੇ ਅਵਤਾਰ ਗੁਰ ਗੋਬਿੰਦ ਸਿੰਘ

ਸਿੱਖੀ ਦਾ ਇਕ ਸਕੂਲ ਬਣਾਇਆ,
ਸਿੱਖਾਂ ਨੂੰ ਵਿਚ ਪੜਨੇ ਪਾਇਆ
ਪਾਸ ਕੀਤੇ ਪੰਜ ਪਿਆਰ, ਗੁਰ ਗੋਬਿੰਦ ਸਿੰਘ
ਅਵਤਾਰਾਂ ਦੇ ਅਵਤਾਰ, ਗੁਰ ਗੋਬਿੰਦ ਸਿੰਘ

ਚਿੜੀਆਂ ਤੋਂ ਉਸ ਬਾਜ ਤੁੜਾਇਆ,
ਸਵਾ ਲੱਖ ਨਾਲ ਇਕ ਲੜਾਇਆ,
ਵਾਰ ਦਿੱਤਾ ਪਰਿਵਾਰ ਗੁਰ ਗੋਬਿੰਦ ਸਿੰਘ
ਅਵਤਾਰਾਂ ਦੇ ਅਵਤਾਰ ਗੁਰ ਗੋਬਿੰਦ ਸਿੰਘ

ਮਾਛੀਵਾੜੇ ਦੇ ਜੰਗਲ ਦਾ ਕੋਹਣਾ
ਨੰਗੇ ਪਿੰਡੇ ਸੱਥਰ ਤੇ ਪੈਣਾ
ਪੈਂਦਾ ਬਿਗ ਕਸਾਈਆਂ ਸੈਹਣਾ
ਯਾਰ ਬਿਨਾ ਨਾ ਬੀਤੇ ਰੈਣਾ
ਯਾਦ ਕਰਦਾ ਹੈ ਸੰਸਾਰ, ਗੁਰ ਗੋਬਿੰਦ ਸਿੰਘ
ਅਵਤਾਰਾਂ ਦੇ ਅਵਤਾਰ ਗੁਰ ਗੋਬਿੰਦ ਸਿੰਘ

ਲੜ ਰਿਹਾ ਹੈ ਸੂਰਜਾ

—*ਸ਼ਿਵਨਾਥ*

ਲੜ ਰਿਹਾ ਹੈ ਸੂਰਜਾ
ਧੁੰਦਾਂ ਦੇ ਨਾਲ
ਨਿਗਲ ਰਹੀਆਂ ਜੋ,
ਕਿਰਨਾਂ ਅੱਧ ਚੋਂ
ਪੈ ਗਿਆ ਲਗਦੈ
ਜਿਨ੍ਹਾਂ ਬਾਝੋਂ ਦਲਿੱਦਰ
ਹੋ ਗਈ ਏ
ਹਰ ਕਿਸੇ ਦੀ ਸੁਸਤ ਚਾਲ।

ਲੜ ਰਿਹਾ ਹੈ ਸੂਰਜਾ
ਨ੍ਹੇਰੇ ਦੇ ਨਾਲ
ਖਾ ਗਿਆ ਲਗਦੈ
ਜੋ ਧਰਤੀ ਤੋਂ ਉਜਾਲਾ
ਤਰਸ ਗਈਆਂ ਨੇ
ਜਿਦ੍ਹੇ ਲਈ ਅੱਖੀਆਂ
ਹੋ ਰਹੇ ਨੇ
ਪੇੜ-ਪੌਦੇ ਵੀ ਨਿਢਾਲ।

ਲੜ ਰਿਹਾ ਹੈ ਸੂਰਜਾ
ਸਦੀਆਂ ਤੋਂ ਹੀ
ਕਾਇਮ ਰੱਖਣ ਵਾਸਤੇ
ਇਹ ਜ਼ਿੰਦਗੀ
ਦੂਰ ਰੱਖਣ ਵਾਸਤੇ
ਗਰਮ ਰੱਖਣ ਵਾਸਤੇ ਬੀਮਾਰੀਆਂ
ਸਾਡਾ ਸਿਆਲ।

੧੨੫੭-C-LIG
ਫੇਜ਼ ੧੦-ਮੁਹਾਲੀ ੧੬੦੦੬੧

-0-

ਜੇਕਰ ਜ਼ਿਕਰ ਸ਼ਹੀਦਾਂ ਦਾ ਕਰੇ ਕੋਈ,
ਦਸਮੇਸ਼ ਜਹੀ ਨਾ ਮਿਲੇ ਮਸਾਲ ਲੋਕੋ,
ਇਕ ਵਾਰਨਾ ਧਰਮ ਤੋਂ ਬੜਾ ਔਖਾ,
ਵਾਰ ਦਿਤੇ ਉਸ ਚਾਰੇ ਹੀ ਲਾਲ ਲੋਕੋ,
ਦੀਨ ਦੁਨੀ ਤੇ ਧਰਮ ਦਾ ਬਣ ਰਾਖਾ
ਆਇਆ ਦੁਸ਼ਟਾਂ ਲਈ ਬਣ ਕੇ ਕਾਲ ਲੋਕੋ
ਐਸਾ ਆਇਆ ਨਾ ਆਏ ਜਹਾਨ ਉੱਤੇ,
ਜਾਹਰਾ ਜ਼ਹੂਰ ਤੇ ਸਾਹਿਬੇ ਕਮਾਲ ਲੋਕੋ।

—*ਕਰਨੈਲ ਸਿੰਘ ਅਸਪਾਲ*

ਦੋ ਗ਼ਜ਼ਲਾਂ

—ਗੁਰਦਿਆਲ ਸਿੰਘ ਢਿੱਲੋਂ ਪ੍ਰੀਤ

(੧)

ਖੁਸ਼ੀ ਜੇਕਰ ਰਹੀ ਨਾ ਸਾਡੇ ਪਾਸ ਹੈ
ਗ਼ਮ ਯਾਰਾਂ ਦਾ ਸਾਨੂੰ ਆਇਆ ਰਾਸ ਹੈ।

ਸ਼ੁਕਰ ਹੈ ਸਜਣਾਂ ਦੀ ਵਿਗੜੀ ਨਾ ਅਜੇ
ਗੈਰਾਂ ਨੂੰ ਤੇ ਹੋ ਗਿਆ ਵਿਸ਼ਵਾਸ ਹੈ।

ਕਦੇ ਤਾਂ ਪਰਤਣਗੇ ਘਰ ਨੂੰ ਆਪਣੇ
ਆਸ ਰੱਖ ਕਿਉਂ ਹੋ ਰਹਿਆਂ ਬੇਆਸ ਹੈ।

ਰੱਖ ਬਨੇਰੇ ਭਰਕੇ ਦੀਵੇ ਪ੍ਰੀਤ ਦੇ
ਆਉਣੀ ਦੀਵਾਲੀ ਤੇਰੇ ਲਈ ਖਾਸ ਹੈ।

ਨ੍ਹੇਰਿਆਂ ਦੇ ਨਾਲ ਰਖਿਓ ਦੋਸਤੀ
ਨ੍ਹੇਰਿਆ ਚੋਂ ਉਪਜਦਾ ਪ੍ਰਕਾਸ਼ ਹੈ।

ਜੇ ਤੇਰਾ ਘਰ ਚੰਨ ਜੀ ਅਸਮਾਨ ਤੇ
ਤਾਰਿਆਂ ਦਾ ਘਰ ਵੀ ਤਾਂ ਅਕਾਸ਼ ਹੈ।

ਪ੍ਰੀਤ ਕਿੰਜ ਰੁਕ ਸਕਦੈ ਉਥੇ ਔਣ ਤੋਂ
ਜਿਥੇ ਤੇਰਾ ਘਰ ਜਾਂ ਫਿਰ ਵਾਸ ਹੈ।

(੨)

ਗੱਲ ਮਤ ਦੀ ਜਾਣੀ ਅੰਦਰ।
ਲੰਘੇ ਨਾ ਦੰਦਾਂ ਥਾਣੀ ਅੰਦਰ।

ਕਿੰਦਾਂ ਦੁਧ ਦਾ ਦੁਧ ਰਵ੍ਹੇਗਾ
ਦੁਧ ਮਿਲਿਆ ਏ ਪਾਣੀ ਅੰਦਰ।

ਕੰਨਾਂ ਦੇ ਵਿੱਚ ਪੈਣ ਨਾ ਦਿੰਦੇ
ਜੋ ਕੁਝ ਲਿਖਿਆ ਬਾਣੀ ਅੰਦਰ।

ਨੇਤੇ ਲੀਡਰ ਅਤੇ ਸਰਕਾਰਾਂ
ਖੁਸ਼ ਹੁੰਦੀਆਂ ਵੰਡ ਕਾਣੀ ਅੰਦਰ।

ਤਾਣਾ ਪੇਟਾ ਉਲਝਿਆ ਸਾਰਾ
ਉਲਝੀ ਨਹੀਂ ਤੰਦ ਤਾਣੀ ਅੰਦਰ।

ਰਈਅਤ ਨੂੰ ਹੁਣ ਕੇਹੜਾ ਪੁਛੇ
ਵਿਗੜੀ ਗੋਲੀ ਰਾਣੀ ਅੰਦਰ।

ਚੌਧਰੀ ਜੰਵਦੇ ਨਾਈ ਸਾਰੇ
ਰਹੀ ਨਹੀਂ ਗੱਲ ਪੁਰਾਣੀ ਅੰਦਰ।

'ਪ੍ਰੀਤ ਸੱਚ ਦਾ ਦਈਂ ਨਾ ਹੋਕਾ
ਚੋਰਾਂ ਦੀ ਇਸ ਢਾਣੀ ਅੰਦਰ।

ਦੋ ਗ਼ਜ਼ਲਾਂ

—ਕਰਮ ਸਿੰਘ 'ਵਕੀਲ'

ਜਦ ਵੀ ਕਦੇ ਮਾਨਵਤਾ ਤੇ ਕਹਿਰ ਕਿਸੇ ਢਾਇਆ ਏ।
ਅੰਤ ਹਮੇਸ਼ਾ ਉਸ ਨੇ ਅਪਣਾ ਨੇੜੇ ਹੋਰ ਬੁਲਾਇਆ ਏ।
ਅੱਜ ਅਮਨ ਸ਼ਾਂਤੀ ਦਾ ਪੁਜਾਰੀ ਬਣਦਾ ਹੈ ਜੋ ਜੱਗ ਉਤੇ
ਬੰਬਾਂ ਦੀ ਉਸ੍ਹੇ ਹੋੜ ਚਲਾ ਕੇ ਸਾਰਾ ਸੰਸਾਰ ਰੁਲਾਇਆ ਏ।
ਗੁਲਸ਼ਨ ਦੇ ਵਿੱਚ ਕੰਡੇ ਹੁੰਦੇ ਹਨ ਇਹ ਗਲ ਤਾਂ ਹੈ ਸੱਚੀ
ਪਰ ਕੰਡਿਆਂ ਨੇ ਫੁਲਾਂ ਤਾਈਂ ਦੱਸ ਕਦੋਂ ਸਤਾਇਆ ਏ ?
ਝੱਖੜ ਝੁਲਦੇ ਨੇ ਜਦ ਵੀ ਕੁਝ ਪੱਤੇ ਤਾਂ ਝੜ ਜਾਂਦੇ ਨੇ
ਕੋਇਲਾਂ; ਫਿਰ ਤੋ ਰਾਗ ਛੇੜਿਆ ਨਵਾਂ ਸਵੇਰਾ ਆਇਆ ਏ।
ਜੀਵਨ ਦੀ ਚੱਕੀ ਤਾਂ ਚਲਦੀ ਰਹਿੰਦੀ ਸਰਦ ਹਵਾਵਾਂ ਸੰਗ
ਪਰ ਐ ਮਾਨਵ ਤੇਰੀ ਤਮਾ ਨੇ ਤੇਰ੍ਹਾ ਘਰ ਜਲਾਇਆ ਏ।
ਅੱਤਵਾਦ ਦਾ ਧਰਮ ਕੋਈ ਨਾ ਜਾਤ ਕੋਈ ਨਾ ਹੈ ਈਮਾਨ
ਇਸ ਜਿਹਾ ਜੱਗ ਉਤੇ ਦੱਸੋ ਦਾਨਵ ਕਿਹੜਾ ਆਇਆ ਹੈ ?
ਜਦ ਸੂਰਜ ਓਹਲੇ ਹੋਇਆ ਰਾਤ ਹਨੇਰੀ ਹੋਣ ਲੱਗੀ
ਤਾਰਿਆਂ ਨੇ ਟਿਮਟਿਮਾ ਰਾਹ ਰੌਸ਼ਨ ਫੇਰ ਬਣਾਇਆ ਏ।
ਖੁਸ਼ੀ ਖੁਸ਼ੀ ਜੀਵਨ ਚਲਦੈ ਤੰਗੀਆਂ ਦੀ ਕਿਸ ਨੂੰ ਪ੍ਰਵਾਹ
ਕੁੱਲੀਆਂ ਨੂੰ ਤਾਂ ਸੂਰਜ ਨੇ ਆ ਆ ਕੇ ਸਦਾ ਗਰਮਾਇਆ ਏ।

੨.

ਜਦ ਵੀ ਕੋਈ ਅਪਣਾ ਛੁਰੀ ਉਠਾਉਂਦਾ ਹੈ।
ਦਿਲ ਮੇਰਾ ਨਾ ਮਰਨੋਂ ਘਬਰਾਉਂਦਾ ਹੈ।
ਲੱਖ ਰਸਮਾਂ ਬਣਾਈਆਂ ਜੱਗ ਤੇ ਬੰਦੇ ਨੇ
ਬੰਦਾ ਹੀ ਇਹਨਾਂ ਦਾ ਸੰਤਾਪ ਹੰਢਾਉਂਦਾ ਹੈ।
ਜ਼ਰ, ਜੋਰੂ ਤੇ ਜ਼ਮੀਨ ਤਾਂ ਬਦਨਾਮ ਐਂਵੇ
ਗੁੱਸਾ ਹੈ ਜੋ ਲੱਖ ਪੁਆੜੇ ਪਾਉਂਦਾ ਹੈ।
ਮਾਸ ਨੂੰ ਅੱਗ ਤੇ ਰਾਖ ਨੂੰ ਗੰਗਾ ਲੈ ਜਾਵੇ
ਸੋਹਣਾ ਜਿਸਮ ਕਿੰਨਾਂ ਚਿਰ ਕੰਮ ਆਉਂਦਾ ਹੈ ?
ਵੀਰਾਂ ਵੀਰਾਂ ਆਖ ਨਿਉਛਾਵਰ ਜਾਨ ਕਰੋਂ
ਹੱਥ ਆਪਣਾ ਪਰ ਬੋਝੇ ਦੂਜੇ ਪਾਉਂਦਾ ਹੈ।
ਤੌਬਾ ਤੌਬਾ ਰੱਬ ਮੈਂ ਭੁਲਣਹਾਰ ਬਖ਼ਸ਼ੇ
ਕਰ ਗੁਨਾਹ ਮੰਨ ਇਹੋ ਦੋਹਰਾਉਂਦਾ ਹੈ।

4093, ਮਲੋਆ ਕਲੋਨੀ,
ਚੰਡੀਗੜ੍ਹ।

ਦਿਬਦ੍ਰਿਸ਼ਟ ਪ੍ਰੋ. ਕਿਰਪਾਲ ਸਿੰਘ ਕਸੇਲ

—ਜਗਦੀਸ਼ ਸਿੰਘ

ਇਹ ਬਹੁਤ ਸੁਖਮਈ ਖਬਰ ਹੈ ਕਿ ਪ੍ਰੋ. ਕਿਰਪਾਲ ਸਿੰਘ ਕਸੇਲ ਜੀ ਦਾ ਅਭਿਨੰਦਨ ਕੀਤਾ ਜਾ ਰਿਹਾ। ਉਂਝ ਕਸੇਲ ਜੀ ਦਾ ਅਭਿਨੰਦਨ ਸਾਡੇ ਸਾਰਿਆਂ ਦੇ ਦਿਲਾਂ ਵਿੱਚ ਹੈ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਿੱਚ ਜਦੋਂ ਚੋਣ ਦਾ ਮੇਲਾ ਲੱਗਦਾ ਹੈ ਤਾਂ ਸਾਰੇ ਪਾਸੇ ਬਹੁਤ ਸਰਗਰਮੀ ਹੁੰਦੀ ਹੈ। ਜੋੜ ਤੋੜ ਹੁੰਦੇ ਹਨ ਵੋਟਾਂ ਦੀ ਮੰਗ-ਮੰਗਾਈ ਲੈ ਕੇ ਅਪੀਲਾਂ ਸਬੀਲਾਂ ਦਾ ਜ਼ੋਰ ਹੁੰਦਾ ਹੈ। ਕਈ ਪਾਰ ਲੰਗਦੇ ਹਨ ਬਾਕੀ ਅਗਲੀ ਵਾਰ ਲਈ ਲੰਗਰ ਲੰਗੋਟ ਕੱਸਦੇ ਹਨ। ਇਸ ਸਾਰੇ ਕਾਸੇ ਤੋਂ ਅਟੰਕ ਕਸੇਲ ਜੀ ਸ਼ਾਂਤ ਚਿਤ ਸਥਿਰ ਵਿਚਰਦੇ ਹਨ। ਪਰ ਜਦੋਂ ਵੋਟਾਂ ਦੀ ਗਿਣਤੀ ਹੁੰਦੀ ਹੈ ਤਾਂ ਸਭ ਤੋਂ ਵੱਧ ਕਸੇਲ ਜੀ ਦੇ ਖੀਸੇ ਵਿੱਚ ਹੁੰਦੀਆਂ ਹਨ। ਇਹ ਹੈ ਲੋਕਾਂ ਦਾ ਅਭਿਨੰਦਨ।

ਲਿਖਣ ਕਾਰਜ ਬਹੁਤ ਪਵਿੱਤਰ ਕਾਰਜ ਵੀ ਹੈ ਅਤੇ ਬਹੁਤ ਬਿਖੜਾ ਵੀ ਹੈ। ਇਹ ਧੀਰਜ ਵੀ ਮੰਗਦਾ ਹੈ, ਸਾਧਨਾ ਵੀ ਅਤੇ ਕੁਰਬਾਨੀ ਵੀ। ਇਹ ਸੱਚ ਤੇ ਪਹਿਰਾ ਦੇਣ ਦਾ ਕਾਰਜ ਅਤੇ ਸੱਚ ਤੋਂ ਕੁਰਬਾਨ ਹੋ ਜਾਣ ਦਾ ਮਾਰਗ ਵੀ ਹੈ। ਉਂਝ ਉਪਰਲੇ ਦੀ ਕ੍ਰਿਪਾ ਦਾ ਫਲ ਹੀ ਹੈ। ਪਰ ਅਜ ਇਸ ਸੇਧ ਵਿੱਚ ਕੋਈ ਵਿਰਲਾ ਪਾਂਧੀ ਹੀ ਦਿਸਦਾ ਹੈ। ਕਸੇਲ ਜੀ ਦੀ ਸਾਧਨਾ ਘਾਲਣਾ ਵੇਖ ਕੇ ਮਨ ਅਕੀਦਤ ਨਾਲ ਲਬੋ ਲਬ ਹੋ ਜਾਂਦਾ ਹੈ। ਉਹ ਸੱਚੇ ਮਾਰਗ ਦੇ ਉਚ ਦੁਮਾਲੜੇ ਵਿਕਲੋਤਰੇ ਪਾਂਧੀ ਦਿਸਦੇ ਹਨ।

੧੯੫੯ ਵਿੱਚ ਮੈਂ ਗਿਆਨੀ ਪੜ੍ਹਨ ਦੇ ਆਹਰ ਵਿੱਚ ਸਾਂ। ਉਹ ਵੇਲੇ ਪ੍ਰੋ. ਕਿਰਪਾਲ ਸਿੰਘ ਕਸੇਲ ਦੇ ਨਾਂਅ ਤੋਂ ਪਰੀਚਿਤ ਹੋਇਆ। ਇਹਨਾਂ ਦੀਆਂ ਰਚੀਆਂ ਪੁਸਤਕਾਂ ਦੇ ਅਕਸਰ ਹਵਾਲੇ ਗਿਆਨੀ ਰਣਧੀਰ ਸਿੰਘ (ਸਪੁੱਤਰ ਗਿ. ਹੀਰਾ ਸਿੰਘ ਦਰਦ) ਦਿੰਦੇ। ਦੂਜਾ ਨਾਂਅ ਡਾ. ਪਰਮਿੰਦਰ ਸਿੰਘ ਹੋਰਾਂ ਦਾ ਸੀ। ਇਹਨਾਂ ਪੁਸਤਕਾਂ ਨੂੰ ਪੜ੍ਹ ਕੇ ਪੂਰਾਂ ਦੇ ਪੂਰ ਪਾਰ ਲੰਘੇ। ਮੇਰੇ ਮਨ ਵਿੱਚ ਕਿਰਪਾਲ ਸਿੰਘ ਕਸੇਲ ਦਾ ਇਕ ਬੁਲੰਦ ਹਮਾਗੀਰ ਸ਼ਖਸ਼ੀਅਤ ਦਾ ਬਿੰਬ ਉਦੋਂ ਹੀ ਸਥਾਪਤ ਹੋ ਗਿਆ ਸੀ।

ਪਹਿਲੀ ਵਾਰ ਕਸੇਲ ਜੀ ਦੇ ਸਾਖਿਆਤ ਦਰਸ਼ਨ ਸ੍ਰੀ ਭੈਣੀ ਸਾਹਿਬ ਵਿੱਚ ਹੋਏ। ਅੱਖਾਂ ਤੇ ਕਾਲੀਆਂ ਐਨਕਾਂ ਹੱਥ ਵਿੱਚ ਮਾਲਾ ਅਤੇ ਘੰਟਿਆਂ ਲਈ ਪਦਮ ਆਸਣ ਲਾ ਕੇ ਅਡੋਲ ਬੈਠੇ ਰਹਿਣਾ। ਇਕ ਆਦਰਸ਼ਕ ਸਾਧੂ ਦੀ ਮੂਰਤ ਸੀ। ਜਦੋਂ ਮੈਂ ਪੁਛਿਆ ਕਿ ਇਹ ਮਹਾਂ ਪੁਰਖ ਕੌਣ ਨੇ ਤਾਂ ਦਸਿਆ ਗਿਆ ਕਿ ਇਹਨਾਂ ਦਾ ਨਾਂਅ ਕਿਰਪਾਲ ਸਿੰਘ ਕਸੇਲ ਹੈ। ਮੈਂ ਕਿਹਾ ਕਿ ਏਸੇ ਨਾਂਅ ਵਾਲਾ ਇਕ ਹੋਰ ਵਿਅਕਤੀ ਹੈ, ਉਹ ਪੰਜਾਬੀ ਦਾ ਬਹੁਤ ਵੱਡਾ ਲੇਖਕ ਹੈ ਤਾਂ ਮੈਨੂੰ ਕਿਹਾ ਗਿਆ ਕਿ ਇਹ ਹੀ ਉਹ ਲੇਖਕ ਹਨ। ਮੇਰਾ ਮਨ ਅਕੀਦਤ ਨਾਲ ਝੁਕਿਆ । ਗੱਲ ਅਵਿਸ਼ਵਾਸ ਵਾਲੀ ਸੀ ਪਰ ਠੀਕ ਸੀ। ਦੂਣ ਸਵਾਈ ਅਕੀਦਤ ਨਾਲ ਮਨ ਸਤਿਗੁਰੂ ਜਗਜੀਤ ਸਿੰਘ ਜੀ ਅੱਗੇ ਝੁਕਿਆ ਜਿਨ੍ਹਾ ਦੇ ਦਰਬਾਰ ਵਿੱਚ ਏਡਾ ਮਹਾਨ ਸਾਹਿਤਕਾਰ ਇਕ ਸਾਧਕ ਦੇ ਰੂਪ ਵਿੱਚ ਬੈਠਾ ਸੀ। ਕਸੇਲ ਸਾਹਿਬ ਦੀਆਂ ਕਾਲੀਆਂ ਐਨਕਾਂ ਉਹਨਾਂ ਦੇ ਨੇਤਰਾਂ ਦੀ ਜੋਤ ਜਾਣ ਦੀ ਗਵਾਹੀ ਦੇ ਰਹੀਆਂ ਸਨ। ਉਹਨਾਂ ਦੀਆਂ ਰਚਨਾਵਾਂ ਕਸੇਲ ਸਾਹਿਬ ਦੇ ਦਿਬ ਦ੍ਰਿਸ਼ਟ ਹੋਣ ਦੀ ਗਵਾਹੀ ਦੇ ਰਹੀਆਂ ਸਨ। ਉਂਝ ਤਾਂ ਗੁਰੂ ਅਮਰਦਾਸ ਜੀ ਨੇ ਕਿਹਾ ਹੈ ਕਿ ਇਹ ਅੱਖਾਂ ਅੰਨੀਆਂ ਹੀ ਸਨ ਪਰ ਸਤਿਗੁਰੂ ਨੂੰ ਮਿਲ ਕੇ ਦਿਬ ਦ੍ਰਿਸ਼ਟੀ ਵਾਲੀਆਂ ਹੋ ਗਈਆਂ।

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ
ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ

ਹੁਣ ਅੱਖਾਂ ਇਸ ਸੰਸਾਰ ਨੂੰ ਹਰਿ ਦਾ ਰੂਪ ਦੇਖ ਰਹੀਆਂ ਸਨ ਅਤੇ "ਹਰਿ ਬਿਨੁ ਅਵਰੁ" ਦੇਖਦੀਆਂ ਹੀ ਨਹੀਂ। ਕਸੇਲ ਸਾਹਿਬ ਨੇ ਆਪਣੀ ਕਲਮ ਰਾਹੀਂ ਵੀ ਇਸ ਵਿਚਾਰ ਨੂੰ ਸਰਲ ਸਾਦੀ ਤੇ ਸਾਧੀ ਸ਼ਬਦਾਵਲੀ ਵਿੱਚ ਬਿਆਨ ਕੀਤਾ ਹੈ–

ਸਤਿਗੁਰੂ ਸ੍ਰੀ ਜਗਜੀਤ ਸਿੰਘ,
ਮੇਰੇ ਪ੍ਰਾਣ-ਅਧਾਰ।
ਚਰਨ-ਕੰਵਲ ਨੂੰ ਪਰਸ ਕੇ,
ਕਰਦਾ ਹਾਂ ਨਮਸਕਾਰ।
ਸਦਾ ਆਪਦਾ ਹਿਹਾ ਹੈ,
ਮਿਹਰ ਭਰਿਆ ਸਿਰ ਹੱਥ।
ਨਿਰਗੁਣ ਨੇਤਰਹੀਣ ਨੂੰ,
ਕਰ ਦਿੱਤਾ ਸਮਰੱਥ।
ਬਖਸ਼ੀ ਦਾਤ ਹੈ ਕਲਾ ਦੀ,
ਨਾਲੇ ਸੂਝ ਗਿਆਨ।
ਨਦਰਿ-ਕਰਮ ਤੋਂ ਪਾਇਆ,
ਇਹ ਅਮੁਲ ਵਰਦਾਨ।

(ਚਾਲੀਸਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ)

ਕੀਤੀ ਬਖਸ਼ਿਸ਼ ਆਪ ਨੇ,
ਦਿੱਤਾ ਸੀ ਵਰਦਾਨ।
ਜੋ ਲਿਖੋ ਸ਼ੁਧ ਹੋਇਗਾ,
ਕੀਤਾ ਇਹ ਫਰਮਾਨ।
ਮੈਂ ਅੰਧਲਾ ਨੇਤਰਹੀਣ,
ਧਰ ਕੇ ਤੁਹਾਡੀ ਟੇਕ।
ਲਿਖੇ ਗ੍ਰੰਥ ਅਨੇਕ ਨੇ,
ਮੰਨੇ ਜਾਣ ਬਿਸੇਖ।
ਰੁਲਦੇ ਫਿਰਦੇ ਕੀਟ ਦੀ,
ਪੁੱਛੇ ਨਾ ਕੋਈ ਵਾਤ।
ਥਾਪ ਦਿੱਤਾ ਇਸ ਕੀਟ ਨੂੰ,
ਆਪ ਦੇ ਵੱਡ ਪਰਤਾਪ।.....

(ਜੈਸਾ ਸਤਿਗੁਰੂ ਸੁਣੀਦਾ)

ਮੈਂ ਅਨੁਭਵ ਕੀਤਾ ਹੈ ਕਿ ਕਸੇਲ ਸਾਹਿਬ ਦੀ ਬੁਲੰਦੀ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਹੈ। ਉਹ ਲੋਕਾਂ ਵਿਚ ਖਲੋਤੇ ਸਰੀਰ ਵਲੋਂ ਵੀ ਸਾਰਿਆਂ ਤੋਂ ਉੱਚੇ ਦਿਸਦੇ ਹਨ ਅਤੇ ਆਤਮਿਕ ਤੌਰ ਤੇ ਵੀ। ਉਹ ਮਨ ਕਰਕੇ ਕਿੰਨੇ ਨੀਵੇਂ ਹਨ ਅੰਦਾਜ਼ਾ ਇਸ ਗੱਲਦਾ ਵੀ ਨਹੀਂ ਲਗਦਾ। ਵੱਡੇ ਆਦਮੀ ਦਾ ਅੰਦਾਜ਼ਾ ਇਸ ਗਲ ਤੋਂ ਲੱਗਦਾ ਹੈ ਕਿ ਉਸਦਾ ਅਹੰ ਕਿੱਡਾ ਛੋਟਾ ਹੈ ਅਤੇ ਛੋਟੇ ਆਦਮੀ ਦਾ ਪਤਾ ਵੀ ਉਸ ਦੇ ਵੱਡੇ ਅਹੰ ਤੋਂ। ਲੇਖਕਾਂ ਦਾ ਅਹੰ ਤਾਂ ਏਡਾ ਵੱਡਾ ਹੋਈ ਜਾ ਰਿਹਾ ਹੈ ਕਿ ਉਹਨਾਂ ਦਾ ਆਮ ਆਦਮੀ ਨਾਲੋਂ ਨਾਤਾ ਹੀ ਟੁੱਟਦਾ ਜਾ ਰਿਹਾ ਹੈ। ਕਸੇਲ ਸਾਹਿਬ ਸਹੀ ਅਰਥਾਂ ਵਿੱਚ ਦਰਵੇਸ਼ ਮਹਾਂ ਪੁਰਖ ਹਨ। ਇਹਨਾਂ ਨਾਲ ਵਿਚਰਣ ਦਾ ਕਦੋਂ ਕਦਾਈਂ ਹੀ ਦੁਰਲਭ ਸਮਾਂ ਮਿਲਦਾ ਹੈ। ਜਦੋਂ ਕਿਤੇ ਸਮਾਂ ਮਿਲਦਾ ਰਿਹਾ ਤਾਂ ਉਹ ਸਮਾ ਪਰਮ ਅਨੰਦ ਦਾ ਹੀ ਹੁੰਦਾ ਹੈ। ਬਨਾਰਸ ਵਿੱਚ ਸੰਸਕ੍ਰਿਤ ਯੂਨੀਵਰਸਿਟੀ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਨਾਂਅ ਤੇ ਇੱਕ ਪੀਠ 'ਚੇਅਰ' ਸਥਾਪਤ ਹੋਈ ਤਾਂ ਚੇਅਰ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਗਿਆ। ਪਹਿਲਾ ਕਾਰਜ ਇਹ ਕੀਤਾ ਗਿਆ। ਉਥੇ ਅਸੀਂ ਵੀ ਇਕੱਠੇ ਹੀ ਗਏ। ਰੇਲ ਦੇ ਸਫਲ ਵਿੱਚ ਸਤਿਸੰਗ ਹੀ ਬਣਿਆ ਰਿਹਾ। ਕਵਿਤਾਵਾਂ ਅਤੇ ਗੀਤ ਸੰਗੀਤ ਅਤੇ ਵਿਚਾਰਾਂ ਦਾ ਪ੍ਰੋਗਰਾਮ ਚਲਦਾ ਹੀ ਰਿਹਾ। ਕਸੇਲ ਸਾਹਿਬ ਜਵਾਨਾਂ ਵਿੱਚ ਜਵਾਨ ਬਣੇ ਰਹੇ ਉਹਨਾਂ ਰਚਨਾਵਾਂ ਸੁਣੀਆਂ ਵੀ ਤੇ ਸੁਣਾਈਆਂ ਵੀ। ਉਹਨਾਂ ਲੰਮਾ ਸਮਾਂ ਅਧਿਆਪਨ ਕਾਰਜ ਕੀਤਾ ਹੈ। ਨੌਜਵਾਨਾਂ ਵਿੱਚ ਹੀ ਰਹੇ ਹਨ। ਇਸ ਵਾਸਤੇ ਉਹਨਾਂ ਦਾ ਸਰੀਰ ਸਦਾ ਰਹੇ ਕੰਚਣ ਸੀ ਕਾਇਆ ਦੇ ਮਹਾਂ ਵਾਕ ਅਨੁਸਾਰ ਹੈ। ਸਫਰ ਦੀਆਂ ਤਕਲੀਫਾਂ ਘਰੋਂ ਬਾਹਰ ਠਹਿਰਣ ਦਾ ਉਹਨਾਂ ਨੂੰ ਕੋਈ ਗਿਲਾ ਹੀ ਨਹੀਂ ਸੀ। ਗੱਲਾਂ ਚੋਂ ਗਲ ਨਿਕਲ ਆਈ ਹੈ ਕਿ ਉਹਨਾਂ ਨੇ ਕਦੇ ਕਿਸੇ ਗੱਲ ਦਾ ਸ਼ਿਕਵਾ ਨਹੀਂ ਕੀਤਾ ਸੁਭਾਅ ਜ਼ਰੂਰ ਰੱਖਦੇ ਹਨ। ਮੈਂ ਵੱਡੇ ਤੋਂ ਵੱਡੇ ਬੰਦਿਆਂ ਨੂੰ ਛੋਟੇ-ਛੋਟੇ ਸ਼ਿਕਵੇ ਅਤੇ ਲਾਲਚ ਕਰਦੇ ਵੇਖਿਆ ਹੈ। ਸਫਰ ਵਿੱਚ ਹਰ ਤਰ੍ਹਾਂ ਦੇ ਬੰਦੇ ਮਿਲਦੇ ਹਨ ਚੰਗੇ ਤੋਂ ਚੰਗੇ ਅਤੇ ਮਾੜੇ ਤੋਂ ਮਾੜੇ ਲਗਦੇ। ਯਾਤਰਾ ਵੀ ਇਕ ਸਕੂਲ ਹੀ ਹੁੰਦੀ ਹੈ। ਜੋ ਗੱਲਾਂ ਕਿਤਾਬ ਚੋਂ ਨਹੀਂ ਮਿਲਦੀਆਂ ਉਹ ਸਫਰ ਵਿੱਚ ਮਿਲ ਜਾਂਦੀਆਂ ਹਨ। ਇਕ ਸਫਰ ਵਿੱਚ ਕਈ ਪ੍ਰਕਾਰ ਦੇ ਲੋਕ, ਭਾਸ਼ਾਵਾਂ ਪਹਿਰਾਵੇ ਵਿਚਾਰਾਂ ਦਾ ਗਿਆਨ ਹੋ ਜਾਂਦਾ ਹੈ। ਕਸੇਲ ਜੀ ਨਾਲ ਅਸੀਂ ਬਨਾਰਸ ਦੇ ਵੱਖ-ਵੱਖ ਇਤਿਹਾਸਕ ਅਤੇ ਸੰਸਕ੍ਰਿਤਕ ਥਾਂ ਵੇਖੇ। ਸਾਰਨਾਥ ਵਿਚ ਬੋਧੀਆਂ ਦਾ ਕੇਂਦਰ ਵੇਖਿਆ, ਗੰਗਾ ਜੀ ਦੀ ਸੈਰ ਬੇੜੇ ਤੇ ਬਹਿ ਕੇ ਕੀਤੀ, ਫਿਰ ਕਬੀਰ ਜੀ ਦਾ ਮੰਦਰ ਵੇਖਿਆ, ਕਬੀਰ ਵਾਂਗ ਹੀ ਸਾਦਾ, ਭੀੜੀਆਂ ਗਲੀਆਂ ਵਿੱਚ ਪੁਰਾਣੇ ਮੁਹੱਲੇ ਕਬੀਰ ਚੋਰਾ ਵਿੱਚ। ਸਤਿਗੁਰੂ ਜਗਜੀਤ ਸਿੰਘ ਜੀ ਦੇ ਦੀਵਾਨਾਂ ਵਿੱਚ ਸਤਿਸੰਗ ਨਾਮ ਸਿਮਰਨ ਕੀਰਤਨ ਅਤੇ ਬਨਾਰਸ ਦੇ ਸੰਗੀਤ ਆਚਰੀਆਂ ਦੇ ਸੰਗੀਤ ਦਾ ਰਸ ਵੀ ਮਾਣਿਆ।

ਬਨਾਰਸ ਮੁੱਢਲੇ ਸਮਿਆਂ ਤੋਂ ਹੀ ਭਾਰਤੀ ਗਿਆਨ ਫਲਸਫੇ ਅਤੇ ਧਰਮਾਂ ਦਾ ਗੜ੍ਹ ਰਿਹਾ ਹੈ। ਮਹਾਨ ਪੁਰਸ਼ਾਂ ਨੇ ਆਪਣੀ ਗੱਲ ਦੀ ਪਰਮਾਨਿਕਤਾ ਪਹਿਲਾਂ ਬਨਾਰਸ ਵਿੱਚ ਹੀ ਸਿੱਧ ਕੀਤੀ। ਬੁੱਧ, ਕਬੀਰ, ਰਵਿਦਾਸ, ਰਾਮਾਨੰਦ ਜਿਹੀਆਂ ਹਸਤੀਆਂ ਨੇ ਬਨਾਰਸ ਤੋਂ ਹੀ ਆਪਣੀ ਗੱਲ ਸੰਸਾਰ ਵਿੱਚ ਪ੍ਰਸਾਰਤ ਕੀਤੀ। ਸੰਸਕ੍ਰਿਤ ਅਤੇ ਸੰਸਕ੍ਰਿਤੀਆ ਦਾ ਗੜ੍ਹ, ਬਨਾਰਸ ਸਦਾ ਹੀ ਵਿਦਵਾਨਾਂ ਗਿਆਨੀਆਂ ਅਤੇ ਗੋਸ਼ਟਕਾਰਾਂ ਨਾਲ ਭਰਪੂਰ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸੰਸਕ੍ਰਿਤ ਦੀ ਸਿੱਖਿਆ ਵਾਸਤੇ ਆਪਣੇ ਸਿੱਖ ਬਨਾਰਸ ਹੀ ਭੇਜੇ ਸਨ। ਪੰਜਾਬ ਵਿੱਚ ਦਮਦਮਾ ਸਾਹਿਬ ਨੂੰ ਗੁਰੂ ਕੀ ਕਾਸ਼ੀ ਕਿਹਾ ਜਾਂਦਾ ਹੈ। ਕਾਂਸ਼ੀ, ਵਾਰਾਨਸੀ, ਬਨਾਰਸ ਦੇ ਹੀ ਨਾਓ ਹਨ ਅਤੇ ਇਹ ਨਾਂ ਵਿਦਵਤਾ ਨਾਲ ਜੁੜੇ ਹੋਏ ਹਨ।

ਸਤਿਗੁਰੂ ਰਾਮ ਸਿੰਘ ਚੇਅਰ ਵੱਲੋਂ ਪ੍ਰਕਾਸ਼ ਉਤਸਵ ਸਮਾਰੋਹ ਵਿੱਚ ਕਾਂਸ਼ੀ ਦੇ ਵਿਦਵਾਨ ਪੰਡਿਤ ਆਪਣੀ ਵਿਲਖਣ

ਵੇਸ ਭੂਸ਼ਾ, ਧੋਤੀ ਕੁਰਤਾ, ਤਿਲਕ ਸਹਿਤ ਭਾਰੀ ਗਿਣਤੀ ਵਿੱਚ ਸਸ਼ੋਭਿਤ ਸਨ। ਸੰਸਕ੍ਰਿਤ ਹਿੰਦੀ ਦੇ ਮਹਾਂ ਵਿਦਵਾਨਾਂ ਦਾ ਭਾਰੀ ਇਕੱਠ ਸੀ। ਉਚ ਕੋਟੀ ਦੇ ਭਾਸ਼ਨਕਾਰ ਅਤੇ ਵਿਆਖਿਆਕਾਰ ਸ਼ਬਦਾਂ ਅਤੇ ਵਿਚਾਰਾਂ ਨਾਲ ਦੰਗ ਕਰ ਰਹੇ ਸਨ। ਵਿਦਵਾਨਾਂ ਦੀ ਇਸ ਮਹਾਂ ਸਭਾ ਵਿੱਚ ਕਸੇਲ ਜੀ ਦਾ ਭਾਸ਼ਣ ਸਭ ਨੂੰ ਕੀਲ ਗਿਆ। ਜਿਵੇਂ ਵਿਦਵਤਾ ਦੀ ਗੰਗਾ ਵਹਿ ਰਹੀ ਹੋਵੇ। ਪੰਜਾਬੀ ਸਾਹਿਤ, ਪੰਜਾਬੀ ਇਤਿਹਾਸ, ਸਭਿਆਚਾਰ ਦੀ ਜਾਣਕਾਰੀ ਦੀ ਉਤਕ੍ਰਿਸ਼ਟ ਵਿਆਖਿਆ ਨੇ ਸਭ ਨੂੰ ਮੋਹਿਆ। ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਅਤੇ ਦੇਣ ਨੂੰ ਇਵੇਂ ਨਿਖਾਰ ਕੇ ਪੇਸ਼ ਕੀਤਾ ਜਿਵੇਂ ਸਕੈਨਰ ਸਭ ਗੱਲਾਂ ਸਾਹਮਣੇ ਵਿਖਾ ਦਿੰਦਾ ਹੈ। ਕਸੇਲ ਜੀ ਨੇ ਦੇਸ਼ ਦੀ ਆਜ਼ਾਦੀ ਵਾਸਤੇ ਜਤਨ ਕਰਨ ਵਾਲੀਆਂ ਦੋ ਪ੍ਰਮੁੱਖ ਧਾਰਾਵਾਂ ਦਾ ਜ਼ਿਕਰ ਕੀਤਾ। ਇਕ ਅਹਿੰਸਾਵਾਦੀ ਲਹਿਰ ਅਤੇ ਦੂਸਰੀ ਕ੍ਰਾਂਤੀਕਾਰੀ ਨੌਜਵਾਨਾਂ ਦੀ ਹਥਿਆਰ ਬੰਦ ਸੰਘਰਸ਼ ਦੀ ਲਹਿਰ। ਇਹਨਾਂ ਦੋਹਾਂ ਲਹਿਰਾਂ ਦਾ ਆਪਸੀ ਵਿਚਾਰਕ ਮਤ ਭੇਦ ਵੀ ਰਿਹਾ ਪਰ ਸਤਿਗੁਰੂ ਰਾਮ ਸਿੰਘ ਦੀ ਸ਼ਖਸੀਅਤ ਅਤੇ ਉਹਨਾਂ ਵੱਲੋਂ ਚਲਾਈ ਨਾਮਧਾਰੀ ਲਹਿਰ ਨੂੰ ਦੋਵੇਂ ਧਿਰਾਂ ਸਤਿਕਾਰ ਅਤੇ ਮਾਨਤਾ ਦੇਂਦੀਆਂ ਹਨ। ਜੇ ਕਿਹਾ ਜਾਵੇ ਕਿ ਕਸੇਲ ਸਾਹਿਬ ਨੇ ਆਪਣੇ ਪੋਲੇ-ਪੋਲੇ ਸ਼ਬਦਾਂ ਨਾਲ ਪੰਜਾਬ ਦੇ ਗੌਰਵ ਦੀ ਧਾਂਕ ਬੈਠਾ ਦਿੱਤੀ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਇਹ ਸਮਾਗਮ ਦੀ ਯਾਦ ਆਈ ਹੈ। ਕਿਸੇ ਬਾਹਰਲੇ ਵਿਦਵਾਨ ਦੀ ਅੰਗਰੇਜ਼ੀ ਤਕਰੀਰ ਦਾ ਨਾਲੋਂ ਨਾਲ ਤਰਜਮਾ ਕਰਨਾ ਸੀ। ਪਹਿਲਾਂ ਇਕ ਬੋਲ ਚਾਲ ਵਿਚ ਫਟਾ ਫਟ ਅੰਗਰੇਜ਼ੀ ਬੋਲਣ ਵਾਲੇ ਵਿਦਵਾਨ ਨੂੰ ਲਾਇਆ ਗਿਆ। ਉਸ ਦਾ ਅਨੁਵਾਦ ਬਹੁਤ ਜ਼ੋਰ ਲਾ ਕੇ ਔਖ ਨਾਲ ਹੋ ਰਿਹਾ ਸੀ। ਵਿਆਖਿਆ ਦੀ ਵਿਆਖਿਆ ਹੋ ਰਹੀ ਹੈ। ਸਤਿਗੁਰੂ ਜੀ ਨੇ ਉਸ ਦੀ ਥਾਂ ਕਸੇਲ ਜੀ ਨੂੰ ਕਿਹਾ। ਕਸੇਲ ਜੀ ਦੇ ਸੰਖੇਪ, ਭਾਵਪੂਰਤ ਸ਼ਬਦਾਵਲੀ ਵਾਲੇ ਅਨੁਵਾਦ ਦੇ ਸ਼ਬਦਾਂ ਨੇ ਸਭ ਦੇ ਹਿਰਦਿਆਂ ਵਿਚ ਠੰਡ ਪਾ ਦਿੱਤੀ। ਉਹ ਨਾਲੋ ਨਾਲ ਅਨੁਵਾਦ ਕਰਨ ਵਿਚ ਵੀ ਮਾਹਰ ਸਿੱਧ ਹੋਏ।

ਇਹ ਤੱਦ ਹੀ ਹੈ ਕਿਉਂਕਿ ਕਸੇਲ ਸਾਹਿਬ ਦਾ ਡੂੰਘਾ ਜੀਵਨ ਅਨੁਭਵ ਹੈ। ਇਕ ਪਾਸੇ ਉਹ ਆਪਣੇ ਜੀਵਨ ਵਿੱਚ ਦੇਸ਼ ਦੀ ਆਜ਼ਾਦੀ ਵਾਸਤੇ ਸੰਘਰਸ਼ਸ਼ੀਲ ਯੋਧਿਆ, ਨਾਮਧਾਰੀ, ਬਬਰ ਅਕਾਲੀ, ਗਦਰ ਲਹਿਰ ਕਾਂਗਰਸ ਕਮਿਊਨਿਸਟ ਅਤੇ ਹੋਰ ਸੰਗਗਰਮੀਆਂ ਨਾਲ ਨੇੜ ਤੋਂ ਜੁੜੇ ਰਹੇ ਦੂਜਾ ਉਹਨਾਂ ਦਾ ਅਧਿਐਨ ਸਾਹਿਤ ਦੇ ਨਾਲ-ਨਾਲ ਇਹਨਾਂ ਲਹਿਰਾਂ ਦਾ ਮੁਤਾਲਿਆ ਵੀ ਰਿਹਾ ਹੈ, ਉਹ ਪੰਜਾਬ ਦੇ ਇਤਿਹਾਸ, ਸਾਹਿਤ, ਸੰਗੀਤ ਲੋਕਯਾਨ, ਧਰਮ ਤੇ ਵਿਰਸੇ ਨਾਲ ਜੁੜੇ ਹੋਏ ਹਨ। ਉਹਨਾਂ ਦੇ ਮਨ ਉੱਤੇ ਉਕਰਿਆ ਪੰਜਾਬੀਆਂ ਦਾ ਅਕਸ ਪ੍ਰੋ. ਪੂਰਨ ਸਿੰਘ ਜਿਹਾ ਹੈ। ਵਿਸ਼ਾਲ ਬਾਹਾਂ ਵਾਲਾ, ਗੁਰੂਆਂ ਦੇ ਮੋਕਲੇ ਦਾਇਰੇ ਵਾਲਾ। ਤੱਦੇ ਉਹਨਾਂ ਨੇ ਪ੍ਰੋ. ਪੂਰਨ ਸਿੰਘ ਹੋਰਾਂ ਨੂੰ ਅਕੀਦਤ ਨਾਲ ਵਾਚਿਆ ਅਤੇ ਪੂਰਨ ਸਿੰਘ ਦੀਆਂ ਪੁਸਤਕਾਂ ਤੇ ਕੰਮ ਕਰਦਿਆਂ ਉਹ ਉਹਨਾਂ ਦੇ ਰੰਗ ਵਿੱਚ ਰੰਗੇ ਗਏ। ਫਲਸਰੂਪ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਸਿਹਤਮੰਦ, ਆਤਮਿਕ, ਤ੍ਰਿਪਤੀ ਵਾਲੀਆਂ ਪੁਸਤਕਾਂ ਪਾਈਆਂ।

ਜਦੋਂ ਦਾ ਮੈਂ ਵਰਿਆਮ ਰਸਾਲਾ ਕੱਢਣ ਦਾ ਭੁਲ ਭੁਲੇਖੇ ਵਿਚ ਜਤਨ ਅਰੰਭ ਕੀਤਾ ਤਾਂ ਕਸੇਲ ਸਾਹਿਬ ਸਦਾ ਇਸ ਦੇ ਨਾਲ ਥੰਮ ਵਾਂਗ ਖਲੋਤੇ ਰਹੇ ਹਨ। ਵਰਿਆਮ ਦੀ ਉਹਨਾਂ ਬੇਗਰਜ਼ ਮਦਦ ਅਤੇ ਅਗਵਾਈ ਕੀਤੀ ਹੈ।

ਪ੍ਰੋ. ਕਸੇਲ ਸਾਹਿਬ ਤਾਂ ਗਿਆਨ ਦਾ ਸਮੁੰਦਰ ਹਨ। ਅਸੀਂ ਤਾਂ ਉਸ ਸਮੁੰਦਰ ਵਿਚੋਂ ਆਪਣੇ ਭਾਂਡੇ ਜਿਨ੍ਹਾਂ ਹੀ ਕੁਝ ਪ੍ਰਾਪਤ ਕਰ ਸਕਦੇ ਹਾਂ। ਅਸੀਂ ਸਾਰੀ ਸਮਰਥਾ ਲਾ ਵੀ ਲਈਏ ਤਾਂ ਸਮੁੰਦਰ ਤਾਂ ਉਵੇਂ ਦਾ ਉਵੇਂ ਭਰਪੂਰ ਹੈ। ਨਾਮਧਾਰੀ ਜਗਤ ਵਿੱਚ ਕੁਝ ਅਹੁਦਿਆਂ ਤੇ ਸੇਵਾ ਕਰਦਿਆਂ ਕਸੇਲ ਸਾਹਿਬ ਤੋਂ ਬਹੁਤ ਵਾਰ ਸਹਾਇਤਾ ਲਈ ਹੈ। ਕਈ ਅਹੁਦੇਦਾਰੀਆਂ, ਪੁਰਸਕਾਰਾਂ ਦੇ ਨਾਮਕਰਨ ਕਸੇਲ ਸਾਹਿਬ ਜੀ ਦੀ ਸਿਆਣੀ ਸਲਾਹ ਨਾਲ ਸਤਿਗੁਰੂ ਜੀ ਅੱਗੇ ਤਜਵੀਜ਼ ਵੱਜੋਂ ਰੱਖ ਕੇ ਪ੍ਰਵਾਨ ਹੋਏ।

ਮੇਰੀ ਰੀਝ ਹੈ ਕਿ ਕਸੇਲ ਜੀ ਨਾਲ ਕਿਤੇ ਵਾਹਵਾ ਸਮਾਂ ਬਤੀਤ ਕਰ ਸਕਾਂ ਤੇ ਵਡਮੁੱਲੇ ਸਾਹਿਤਕ ਖਜ਼ਾਨੇ ਦੇ ਅਨੁਭਵ ਨੂੰ ਪ੍ਰਾਪਤ ਕਰਾਂ ਪਰ ਸਮਾਂ ਤੇ ਸੰਹਤ, ਛਾਨਣੀ ਵਿੱਚੋਂ ਰੇਤ ਕਿਰਣ ਵਾਂਗ ਹੱਥੋਂ ਨਿਕਲਦੇ ਜਾ ਰਹੇ ਹਨ। ਵੱਡੇ-ਵੱਡੇ ਵਿਦਵਾਨ ਤਾਂ ਪ੍ਰੋ. ਕਿਰਪਾਲ ਸਿੰਘ ਕਸੇਲ ਜੀ ਦੀ ਸ਼ਖਸੀਅਤ ਅਤੇ ਉਹਨਾਂ ਦੀ ਰਚਨਾ ਦਾ ਮੁਲਾਂਕਣ ਕਰਨਗੇ। ਇਸ ਕਾਰਜ ਵਿਚ ਉਹ ਵੱਡੇ ਵੱਡੇ ਲੇਖ ਭੇਟ ਕਰਨਗੇ। ਇਹ ਅਭਿਨੰਦਨ ਗ੍ਰੰਥ ਆਕਾਰ ਵਲੋਂ ਅਤੇ ਸਾਮਗਰੀ ਵਲੋਂ ਮਹਾਨ ਹੋਵੇਗਾ। ਮੇਰੇ ਪਾਸ ਉਹਨਾਂ ਵਾਸਤੇ ਅਕੀਦਤ ਅਤੇ ਸ਼ਰਧਾ ਤਾਂ ਹੈ, ਪਰ ਇਹਨਾਂ ਨੂੰ ਪੇਸ਼ ਕਰਨ ਵਾਲੇ ਸ਼ਬਦ ਨਹੀਂ। ਹਾਂ ਅਰਦਾਸ ਜ਼ਰੂਰ ਹੈ ਗੁਰੂ ਜੀ ਅੱਗੇ ਕਿ ਕਸੇਲ ਜੀ ਦੀ ਨਿੱਘੀ ਛਾਂ ਅਸੀਂ ਲੰਮੇ ਸਮ ਤੱਕ ਮਾਣਦੇ ਰਹੀਏ।

ਆਓ ਲੋਕਾਂ ਵਿਚ ਪਿਆਰ ਵੰਡੀਏ

—ਡਾ. ਲਖਵੀਰ ਸਿੰਘ

ਕੁਦਰਤ ਦਾ ਨਿਯਮ ਹੈ ਕਿ ਹਰ ਆਦਮੀ ਇੱਕ ਦੂਸਰੇ ਤੋਂ ਵੱਖਰਾ ਹੈ। ਕਿਸੇ ਦੀ ਸ਼ਕਲ, ਚਾਲ ਢਾਲ, ਤੌਰ ਤਰੀਕਾ, ਬੋਲ ਚਾਲ, ਸੁਭਾਅ ਇੱਕ ਦੂਸਰੇ ਨਾਲ ਨਹੀਂ ਮਿਲਦਾ। ਮਨੁੱਖ ਸਮਾਜ ਵਿੱਚੋਂ ਹੀ ਸਭ ਕੁਝ ਸਿੱਖਦਾ ਹੈ ਅਤੇ ਸੁਸਾਇਟੀ ਮੁਤਾਬਕ ਹੀ ਚਲਦਾ ਅਤੇ ਢਲਦਾ ਹੈ। ਅੱਜ ਸਮਾਜ ਮੁਤਾਬਕ ਹੀ ਅਸੀਂ ਭ੍ਰਿਸ਼ਟਾਚਾਰੀ, ਧੋਖੇਬਾਜ਼, ਫਰੇਬੀ, ਮਤਲਬ ਦੇ ਯਾਰ ਹੁੰਦੇ ਜਾ ਰਹੇ ਹਾਂ। ਪੈਸੇ ਦੇ ਪਿਆਰ ਵਿਚ, ਸਲੀਕਾ, ਅਪਣੱਤ ਪਿਆਰ, ਮੁਹੱਬਤ ਸ਼ਿਸ਼ਟਾਚਾਰੀ ਭੁੱਲਦੇ ਜਾ ਰਹੇ ਹਾਂ। ਬਹੁਤ ਚੰਗਾ ਹੋਵੇ ਜੇਕਰ ਅਸੀਂ ਸਮਾਜ ਵਿੱਚੋਂ ਚੰਗਿਆਈਆਂ ਗ੍ਰਹਿਣ ਕਰਨਾ ਸਿੱਖ ਲਈਏ ਤਾਂ ਬੁਰਾਈਆਂ ਸਾਨੂੰ ਆਪਣੇ ਆਪ ਤਿਲਾਂਜਲੀ ਦੇ ਜਾਣਗੀਆਂ। ਪਰ ਕੁਦਰਤ ਦੀ ਅਦਭੁੱਦਤਾ ਅੱਗੇ ਸਿਰ ਝੁੱਕ ਜਾਂਦਾ ਹੈ ਕਿ ਕੁਦਰਤ ਕਿੰਨੀ ਅਜੀਬ ਹੈ। ਕਿਸੇ ਕਿਸੇ ਨੂੰ ਕਿੰਨਾ, ਸਲੀਕਾ ਬਖਸ਼ਦੀ ਹੈ ਤੇ ਕਿਸੇ ਨੂੰ ਥੋਥਾ ਰਿਛ ਬਣਾ ਧਰਦੀ ਹੈ। ਜਾਂ ਇਹ ਵੀ ਹੋ ਸਕਦਾ ਹੈ ਕਿ ਚੰਗੇ ਪਰਿਵਾਰ ਜਾਂ ਚੰਗੀ ਸੋਸਾਇਟੀ ਕਾਰਨ ਆਦਮੀ ਸਮਾਜ ਵਿੱਚੋਂ ਗੁਣ ਹੀ ਗੁਣ ਪਕੜਣ ਦੀ ਕਲਾ ਸਿੱਖ ਜਾਂਦਾ ਹੋਵੇ। ਕਈ ਲੋਕਾਂ ਕੋਲ ਤਾਂ ਆਪਣਿਆਂ ਲਈ ਪਿਆਰ ਅਤੇ ਮਿੱਠੇ ਬੋਲਾਂ ਦਾ ਭੰਡਾਰ ਹੁੰਦਾ ਹੈ ਤੇ ਅਜਨਬੀ ਲਈ ਕੁਝ ਵੀ ਨਹੀਂ ਅਤੇ ਜਿੱਥੇ ਕਈ ਲੋਕਾਂ ਕੋਲ ਆਪਣਿਆਂ ਨੂੰ ਤਾਂ ਆਪਣਾ ਸਮਝਣਾ ਦੂਰ ਦੀ ਗੱਲ ਹੈ ਸਗੋਂ ਆਪਣੇ ਕੱਪੜਿਆਂ ਨਾਲ ਹੀ ਰੁੱਸੇ ਰਹਿਣ ਦੀ ਆਦਤ ਹੁੰਦੀ ਹੈ, ਉੱਥੇ ਅਜਿਹੇ ਇਨਸਾਨ ਵੀ ਹਨ ਜੋ ਪੂਰੀ ਦੁਨੀਆਂ ਨੂੰ ਆਪਣਾ ਸਮਝਦੇ ਹਨ। ਸਭ ਕੁਦਰਤ ਦੇ ਬੰਦੇ ਉਹਨਾਂ ਲਈ ਅੱਜ ਦੇ ਤੇਜ਼ ਰਫਤਾਰ ਯੁੱਗ ਵਿੱਚ ਵੀ ਰੱਬ ਵਰਗੇ ਹੀ ਹੁੰਦੇ ਹਨ। ਚਲੋ ਅਸੀਂ ਇਸ ਗੱਲ ਨੂੰ ਕੁਦਰਤ ਦੀ ਅਦਭੁਤਤਾ ਤੇ ਹੀ ਛੱਡਦੇ ਹਾਂ ਕਿ "ਰੱਬ ਬਣਾਏ ਬੰਦੇ, ਵਿੱਚੋ ਚੰਗੇ ਤੇ ਵਿੱਚੋ ਮੰਦੇ" ਅਤੇ ਜੀਵਨ ਕੁਦਰਤ ਤੋਂ ਮਿਲੇ ਮੋਤੀ ਸਮਝ ਕੇ ਮੈਂ ਇੱਕ ਅਜਿਹੇ ਸਲੀਕੇ ਵਾਲੇ, ਅਪੱਣਤ ਭਰੇ, ਖੁਸ਼ੀਆਂ ਨਾਲ ਭਰਪੂਰ ਪਰਿਵਾਰ ਦੀ ਗੱਲ ਕਰਨੀ ਚਾਹਾਂਗਾ ਤਾਂ ਕਿ ਅਸੀਂ ਵੀ ਅਜਿਹੇ ਬਨਣ ਦੀ ਕੋਸ਼ਿਸ਼ ਕਰੀਏ।

ਇੱਕ ਵਾਰ ਮੈਂ, ਮੇਰੀ ਪਤਨੀ ਰਾਜਵੰਤ, ਮੇਰੀ ਭੈਣ ਮਨਜੀਤ ਅਤੇ ਬਹਿਨੋਈ ਜਗਦੀਸ਼ ਜੀ ਬੱਚਿਆਂ ਸਮੇਤ ਮਨੀਕਰਨ, ਮਨਾਲੀ, ਰੋਹਤਾਂਗ ਘੁੰਮਣ ਜਾ ਰਹੇ ਸਾਂ। ਉਂਝ ਮੈਂ ਵਿਆਹਿਆ ਵੀ ਪੰਡੋਹ (ਹਿਮਾਂਚਲ ਪ੍ਰਦੇਸ਼) ਹੀ ਹਾਂ। ਰਾਮਪੁਰਾ ਫੂਲ ਤੋਂ ਭਾਵੇਂ ਅਸੀਂ ਠੀਕ ਟਾਈਮ ਨਾਲ ਚੱਲ ਪਏ ਸਾਂ, ਪਰ ਨੈਣਾ ਦੇਵੀ ਸਾਨੂੰ ਚੜ੍ਹਾਈ ਚੜ੍ਹਦਿਆਂ ਉੱਤਰਦਿਆਂ ਨੂੰ ਰਾਤ ਦੇ ੯ ਵੱਜ ਗਏ ਸਨ। ਸੋਚਿਆ ਕਿਸੇ ਹੋਟਲ ਜਾਂ ਧਰਮਸ਼ਾਲਾ ਵਿੱਚ ਰੁਕਾਂਗੇ ਪਰ ਅਸੀਂ ਰੁੱਕਦੇ-ਰੁੱਕਦੇ ਚੱਲ ਹੀ ਪਏ ਕਿ ਚਲੋ ਪੰਡੋਹ ੨-੩ ਵਜੇ ਤੱਕ ਪਹੁੰਚ ਹੀ ਜਾਵਾਂਗੇ, ਉੱਥੇ ਹੀ ਆਰਾਮ ਕਰਾਂਗੇ। ਜੇਕਰ ਮੈਨੂੰ ਨੀਂਦ ਆਉਣ ਲੱਗ ਗਈ ਤਾਂ ਕਾਰ ਜਗਦੀਸ਼ ਜੀ ਚਲਾ ਲੈਣਗੇ। ਅਸੀਂ ੨ ਵਜੇ ਮੰਡੀ ਪਹੁੰਚੇ ਤਾਂ ਇੱਕਦਮ ਇਤਨਾ ਮੀਂਹ.... ਵਾਹ ! ਮੇਰੇ ਰੱਬਾ ! ਸ਼ੀਸ਼ੇ ਵਿੱਚੋਂ ਦੀ ਕੁਝ ਦਿੱਸੇ ਹੀ ਨਾ। ਮੀਂਹ ਕਣੀਆਂ ਵਾਲਾ ਨਹੀਂ ਸਗੋਂ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਟਿਊਬਵੈਲ ਵਰਗੀਆਂ ਮੋਟੀਆਂ ਧਾਰਾਂ ਹੀ ਉੱਪਰੋਂ ਡਿੱਗ ਰਹੀਆਂ ਹੋਣ। ਇੱਕ ਪਾਸੇ ਸਕੇਤ ਦਰਿਆ ਤੇ ਇੱਕ ਪਾਸੇ ਪਹਾੜਾਂ ਉੱਪਰੋਂ ਮੀਂਹ ਨਾਲ ਪੱਥਰ ਡਿੱਗਣ ਦਾ ਖਤਰਾ ਤੇ ਸੜਕ ਦੇ ਨਾਲ ਇਤਨਾ ਵੱਡਾ ਪਾਣੀ ਖਿੱਚਣ ਵਾਲਾ ਦਰਿਆ ਹੋਣ ਦੇ ਬਾਵਜੂਦ ਵੀ ਸੜਕ ਤੇ ਪਾਣੀ ਹੀ ਪਾਣੀ। ਕੁਝ ਨਜ਼ਰ ਹੀ ਨਾ ਆਵੇ। ਉਂਝ ਵੀ ਰਾਤ ਕਰਕੇ ਸੁੰਨ ਸਰਾਂ. ਡਰਾਉਣਾ ਦ੍ਰਿਸ਼। ਅਜਿਹੇ ਵਕਤ ਇੱਕਦਮ ਗੱਡੀ ਦਾ ਮੂਹਰਲਾ ਟਾਇਰ ਪੱਥਰ ਲੱਗਣ ਕਾਰਨ ਪਾਟ ਗਿਆ ਤੇ ਗੱਡੀ ਰੁੱਕ ਗਈ। ਮੀਂਹ ਇਤਨਾ ਜ਼ਿਆਦਾ ਕਿ ੨ ਵਜੇ ਤੋਂ ਸਵੇਰ ੬ ਵਜੇ ਤੱਕ ਕਾਰ ਦੀ ਤਾਕੀ ਵੀ ਨਾ ਖੋਲ੍ਹ ਸਕੇ। ਜਦ ਗੱਡੀ ਵਿੱਚੋਂ ਸਵੇਰੇ ਬਾਹਰ ਨਿਕਲੇ ਤਾਂ ਦੇਖ ਕੇ ਤਰਾਹ ਨਿਕਲ ਗਈ ਤੇ ਪਾਤਸ਼ਾਹ ਜੀ ਅੱਗੇ ਸਿਰ ਝੁੱਕ ਗਿਆ, ਕਿਉਂਕਿ ਸਾਡੇ ਅੱਗਿਉਂ ਸੜਕ ਦਾ ਕਾਫੀ ਟੋਟਾ ਰੁੜ ਕੇ ਸਕੇਤ ਦਰਿਆ ਵਿੱਚ ਵਹਿ ਚੁੱਕਿਆ ਸੀ ਤੇ ਸਾਡੇ ਪਿੱਛੇ ਇੱਕ ਪਹਾੜ ਰੁੜ ਕੇ ਸੜਕ ਢੱਕ ਚੁੱਕਿਆ ਸੀ ਤੇ ਅਸੀਂ ਇੱਕ ਸੁਰੱਖਿਅਤ ਮਜ਼ਬੂਤ ਪੁੱਲ ਤੇ ਖੜ੍ਹੇ ਸਾਂ ਤੇ ਦਰਿਆ ਦੇ ਪਰਲੇ ਪਾਸਿਉਂ ਲੋਕੀਂ ਸਾਨੂੰ ਦੇਖ ਰਹੇ ਸਨ ਕਿ ਅਸੀਂ ਕਿੰਨੇ ਖੁਸ਼ਕਿਸਮਤ ਹਾਂ, ਕਿ ਬਚ ਗਏ ਹਾਂ। ਸੜਕ ਮਜ਼ਦੂਰਾਂ ਦੁਆਰਾ ਰਸਤਾ ਕੁਝ ਠੀਕ ਕਰਨ ਨਾਲ ਅਸੀਂ ਕਾਫੀ ਰਿਸਕ ਲੈ ਕੇ ਗੱਡੀ ਉੱਥੋਂ ਕੱਢ ਲਈ। ਅੱਗੇ ਲੋਕੀਂ ਗੱਲਾਂ ਕਰ ਰਹੇ ਸਨ ਕਿ ਰਾਤ ਬੱਦਲ ਫੱਟ ਗਿਆ ! ਤੇ ਅਸੀਂ ਪ੍ਰਭੂ ਦਾ ਲੱਖ-ਲੱਖ ਸ਼ੁਕਰ

ਕਰ ਰਹੇ ਸਾਂ ਕਿ ਸਾਨੂੰ ਜ਼ਿੰਦਗੀ ਬਿਨ ਮਾਂਗੇ ਮੋਤੀ ਵਾਂਗ ਮਿਲੀ ਸੀ। ਅੱਗੇ ਵੀ ਰਸਤੇ ਬੰਦ ਹੋ ਗਏ ਸਨ। ਪੁੱਛਿਆ ਤਾਂ ਪਤਾ ਲੱਗਿਆ ਕਿ ਸ਼ਾਮ ਚਾਰ ਵਜੇ ਤੱਕ ਰਸਤਾ ਖੁੱਲ੍ਹ ਸਕੇਗਾ।

ਇਸ ਸਮੇਂ ਅਸੀਂ ਢਿੱਡੋਂ ਵੀ ਭੁੱਖੇ ਸਾਂ ਤੇ ਮੂੰਹ ਵਿੱਚ ਕੁਝ ਪਾਉਣ ਤੋਂ ਪਹਿਲਾਂ ਇਸ਼ਨਾਨ ਕਰਨਾ ਵੀ ਜ਼ਰੂਰੀ ਸੀ। ਰਜਵੰਤ ਨੇ ਆਖਿਆ ਕਿ ਚਲੋ ਇੱਥੇ ਸਾਡੇ ਰਿਸ਼ਤੇਦਾਰੀ ਵਿੱਚੋਂ ਮਾਮਾ-ਮਾਮੀ ਲੱਗਦੇ ਹਨ ਉਹਨਾਂ ਦੇ ਘਰ ਚੱਲਦੇ ਹਾਂ ਤਾ ਮੇਰੇ ਦਿਮਾਗ ਵਿੱਚ ਅੱਜ ਦੇ ਪੈਸੇ ਦੇ ਯੁੱਗ ਮੁਤਾਬਕ ਇੱਕ ਪਾਕਿਸਤਾਨੀ ਗੀਤ ਆਇਆ ਕਿ ਇਤਨੇ ਜਣੇ ਅਚਾਨਕ ਬਿਨਾਂ ਸੂਚਿਤ ਕੀਤੇ ਕਿਸੇ ਦੇ ਘਰੇ ਚਲੇ ਜਾਣ ਤਾਂ ਸ਼ਾਇਦ

"ਕੁੱਟ-ਕੁੱਟ ਬਾਜਰਾ ਮੈਂ ਕੋਠੇ ਉੱਤੇ ਪਾਉਨੀ ਆਂ,
ਆਉਣਗੇ ਰਾਹੀ ਖਾ ਜਾਣਗੇ,
ਸਾਨੂੰ ਨਵਾਂ ਪੁਆੜਾ ਪਾ ਜਾਣਗੇ।"

ਕਿਤੇ ਉਹ ਅਜਿਹੀ ਗੱਲ ਸੋਚਣ ਵਾਲੇ ਨਾ ਹੋਣ....।

ਪਰ ਜਦੋਂ ਅਸੀਂ ਮਾਮਾ-ਮਾਮੀ ਜੀ ਦੇ ਘਰ ਰੁੱਕੇ ਅਤੇ ਕਾਰ ਨੂੰ ਲੌਕ ਕਰਕੇ ਵੱਡਾ ਅਟੈਚੀ ਹੱਥ ਵਿੱਚ ਪਕੜ ਕੇ ਖੁੱਲ੍ਹੇ ਦਰਵਾਜ਼ੇ ਰਾਹੀਂ ਅੰਦਰ ਲੰਘੇ ਤਾਂ ਮਾਮੀ ਜੀ ਦਾ ਖੁਸ਼ੀ ਨਾਲ ਖਿੜਿਆ ਚਿਹਰਾ ਦੇਖ ਕੇ ਮੈਂ ਪਾਕਿਸਤਾਨੀ ਗੀਤ ਨੂੰ ਭੁੱਲ ਗਿਆ। ਮਾਮੀ ਜੀ ਨੇ ਰਜਵੰਤ ਅਤੇ ਮਨਜੀਤ ਭੈਣ ਨੂੰ ਆਪਣੀ ਗਲਵੱਕੜੀ ਵਿੱਚ ਲੈ ਲਿਆ, ਬੱਚਿਆਂ ਨੂੰ ਪਿਆਰ ਕੀਤਾ ਤਾ ਜਦੋਂ ਮੈਂ ਤੇ ਜਗਦੀਸ਼ ਜੀ ਨੇ ਮਾਮੀ ਨੂੰ ਨਮਸਕਾਰ ਕੀਤੀ ਤਾਂ ਮਾਮੀ ਜੀ ਨੇ ਬਹੁਤ ਹੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਸਾਡੇ ਪ੍ਰਤੀ ਮੂੰਹ ਬੋਲਿਆ...."ਬਿਨ ਮਾਂਗੇ ਮੋਤੀ ਮਿਲੇ, ਮਾਂਗੇ ਮਿਲੇ ਨਾ ਭੀਖ" ਮੈਂ ਇਹ ਫਿਕਰਾ ਪਹਿਲੀ ਵਾਰ ਸੁਣਿਆ ਸੀ ਜੋ ਮੇਰੇ ਧੁਰ ਅੰਦਰ ਤੱਕ ਅਸਰ ਕਰ ਗਿਆ ਤੇ ਮੈਨੂੰ ਯਾਦ ਵੀ ਆ ਗਿਆ ਕਿ ਮਾਮੀ ਜੀ ਨੇ ਕਈ ਵਾਰ ਆਖਿਆ ਸੀ ਕਿ ਕਦੇ ਸਾਡੇ ਘਰ ਵੀ ਆਵੋ।

ਘਰ ਮਾਮੀ ਜੀ, ਉਹਨਾਂ ਦੀ ਜੰਮੂ ਵਾਲੀ ਨੂੰਹ ਅਤੇ ਨਿੱਕਾ ਬੱਚਾ ਹੀ ਸਨ। ਸਾਰਿਆਂ ਨੂੰ ਸਾਡੇ ਪਹੁੰਚਣ ਤੇ ਬੇਹੱਦ ਖੁਸ਼ੀ ਹੋਈ। ਅਸੀਂ ਬੜੇ ਸ਼ੌਕ ਨਾਲ ਇਸ਼ਨਾਨ ਕੀਤਾ, ਕੱਪੜੇ ਪਾ ਕੇ ਤਰੋ-ਤਾਜ਼ਾ ਹੋ ਗਏ ਤਾਂ ਮਾਮੀ ਜੀ ਵੱਲੋਂ ਚਾਵਾਂ ਨਾਲ ਪਰੋਸਿਆ ਖਾਣਾ ਖਾ ਕੇ ਜੋ ਅਨੰਦ ਆਇਆ ਉਸ ਅਨੰਦ ਦੀ ਕਿਸੇ ਹੋਰ ਅਨੰਦ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ ਤਾਂ ਮਾਮੀ ਜੀ ਨੇ ਸਾਨੂੰ ਆਰਾਮ ਕਰਨ ਲਈ ਬੈੱਡ ਰੂਮ ਭੇਜ ਦਿੱਤਾ, ਜਿੱਥੇ ਦਿਨੇ ਹੀ ਅਸੀਂ ਘੂਕ ਸੌਂ ਗਏ।

ਮੈਂ ਜਦੋਂ ਵੀ ਮਾਮੀ ਜੀ ਨੂੰ ਵੇਖਿਆ ਹਰ ਸਮੇਂ ਹਰ ਜਗ੍ਹਾ ਖੁਸ਼ੀਆਂ ਵੰਡਦੇ ਹੀ ਦੇਖਿਆ। ਹੁਣ ਅਸੂ ਦੇ ਮੇਲੇ ਵਿੱਚ ਭੈਣੀ ਸਾਹਿਬ ਅਚਾਨਕ ਮਾਮੀ ਜੀ ਮਿਲ ਗਏ। ਮਾਮੀ ਜੀ ਨੇ ਸਾਨੂੰ ਦੂਰੋਂ ਹੀ ਦੇਖ ਕੇ ਆਖਿਆ," ਹਾਏ ਮੇਰੀ ਰੱਜੀ ..... ਮੇਰੇ ਡਾਕਟਰ ਸਾਹਿਬ ..... ਮੇਰੀ ਰੱਜੀ ਦੀਆਂ ਬੇਟੀਆਂ ..... ਤੇ ਅਸੀਂ ਮਾਮੀ ਜੀ ਦੇ ਦਰਸ਼ਨ ਕਰਕੇ ਚਾਵਾਂ ਨਾਲ ਭਰ ਗਏ ਤੇ ਮਾਮੀ ਜੀ ਸਾਨੂੰ ਭੈਣੀ ਸਾਹਿਬ ਆਪਣੀ ਨਿੱਕੀ ਜਿਹੀ ਕੋਠੜੀ ਵਿੱਚ ਲੈ ਗਏ ਤਾਂ ਮਾਮੀ ਜੀ ਨੇ ਸਾਡੇ ਅੱਗੇ ਰੁਮਾਲੀ ਵਿਛਾ ਦਿੱਤੀ ਅਤੇ ਉੱਪਰ ਦੇਸੀ ਘਿਉ ਦਾ ਬਦਾਨਾ ਸਾਨੂੰ ਛਕਣ ਲਈ ਦਿੱਤਾ। ਅਸੀਂ ਛੱਕ ਹੀ ਰਹੇ ਸਾਂ ਕਿ ਮਾਮੀ ਜੀ ਨੇ ਸੇਬ ਛਿਲ ਕੇ ਚੀਰਨੇ ਸ਼ੁਰੂ ਕਰ ਦਿੱਤੇ। ਅਜੇ ਸੇਬ ਮੁਕਾਏ ਨਹੀਂ ਸਨ ਇੱਕ-ਇੱਕ ਕਰਕੇ ਹੋਰ ਸਵਾਦਿਸ਼ਟ ਪਦਾਰਥ ਦੇਸੀ ਘਿਓ ਦੀ ਸ਼ੁੱਧ ਬਰਫ਼ੀ ਵਗੈਰਾ। ਮਾਮੀ ਜੀ ਨੂੰ ਆਖਿਆ ਕਿ ਬਸ ਕਰੋ ਤੁਹਾਡਾ ਸਲੀਕਾ ਅਤੇ ਪਿਆਰ ਦੇਖਕੇ ਬਹੁਤ ਖੁਸ਼ੀ ਅਤੇ ਅਨੰਦ ਮਿਲਦਾ ਹੈ।

ਮੈਂ ਸੋਚਦਾ ਹਾਂ ਪ੍ਰਮਾਤਮਾ ਸਾਨੂੰ ਵੀ ਅਜਿਹੇ ਸਲੀਕੇ ਬਾਜ਼ ਬਣਾ ਦਿੰਦਾ ਤਾਂ ਉਸਦਾ ਕੀ ਘੱਟਦਾ ਸੀ ਤੇ ਕਦੀ ਸੋਚਦਾ ਹਾਂ ਕਾਸ਼ ! ਅੱਜ ਸਾਰੀ ਦੁਨੀਆਂ ਹੀ ਤੰਗ ਨਜ਼ਰੀਆ ਤਿਆਗ ਕੇ ਮੰਡੀ ਹਿਮਾਚਲ ਵਾਲੇ ਧਿਆਨ ਸਿੰਘ ਮਾਮਾ ਜੀ ਦੇ ਪਰਿਵਾਰ ਵਰਗੇ ਹੋ ਜਾਣ ਤਾਂ.... ਸ਼ਾਇਦ ਸਵਰਗ ਵੀ ਦੁਨੀਆਂ ਦਾ ਮੁਕਾਬਲਾ ਨਾ ਕਰ ਸਕੇ। ਮੈਂ ਤਾਂ ਇਹੀ ਚਾਹੁੰਦਾ ਹਾਂ ਕਿ ਜ਼ਿੰਦਗੀ ਪਾਣੀ ਦਾ ਬੁਲਬੁਲਾ ਹੈ। ਆਓ ਮਾਮੀ ਜੀ ਵਾਂਗ ਲੋਕਾਂ ਵਿੱਚ ਪਿਆਰ ਵੰਡੀਏ... ਜ਼ਿੰਦਗੀ ਕੁਦਰਤ ਤੋਂ ਮਿਲੇ ਅਨਮੋਲ ਮੋਤੀ ਹਨ।

ਰਾਮਪੁਰਾ ਫੂਲ (ਬਠਿੰਡਾ)

ਗੱਲਾਂ 'ਚੋਂ ਗੱਲ

ਬਹੁਤੇ ਦਿਲਾਂ ਦੀ ਦਿਲੋਂ ਦਲੀਲ ਹੈ ਕਿ,
ਰੰਗਾਂ ਵਿਚੋਂ ਹੈ ਰੰਗ ਕਮਾਲ ਚਿੱਟਾ।

ਨੋਟ ਕੜਕਦੇ ਜੇਬ ਦੇ ਵਿਚ ਹੋਵਣ,
ਸਣੇ ਬਸਤਰਾਂ ਹੋਵੇ ਰੁਮਾਲ ਚਿੱਟਾ।

ਸਾਥੀ ਉਮਰ ਦਾ ਵੀ ਹੋਵੇ ਦੁੱਧ ਵਰਗਾ,
ਕਾਲੇ ਦਿਲ 'ਚੋਂ ਉੱਠੇ ਸੁਆਲ ਚਿੱਟਾ।

ਚਿੰਤਾ ਇਕੋ ਹੀ ਆਦਲਾ ਸਦਾ ਰਹਿੰਦੀ,
ਉਗ ਪਵੇ ਨਾ ਚਿਹਰੇ ਤੇ ਵਾਲ ਚਿੱਟਾ।

—ਆਦਲ ਦਿਆਲਪੁਰੀ

ਸੰਤ ਮਹਿੰਦਰ ਸਿੰਘ ਜੀ ਪਨਿਹਾਰੀ ਦੀ ਯਾਦ ਵਿਚ

—ਸੁਰਜੀਤ ਸਿੰਘ 'ਜੀਤ', ਲੰਡਨ



ਇਨਸਾਨ ਕਹਿਣ ਨੂੰ ਤਾਂ ਇਕ ਵਿਅਕਤੀ ਹੈ, ਪਰ ਜੇ ਗੌਰ ਨਾਲ ਦੇਖੀਏ ਤਾਂ ਘੱਟ ਤੋਂ ਘੱਟ ਤਿੰਨ ਵਿਅਕਤੀਆਂ ਦਾ ਇਕ ਸੁਮੇਲ ਹੈ ਜੋ ਕਿਸੇ 'ਇਕ' ਹੁਕਮੀ ਦੇ ਹੁਕਮ ਅਨੁਸਾਰ ਇਕੱਠੀਆਂ ਹੋਈਆਂ ਹਨ। ਇਕ ਪ੍ਰਸ਼ਨ ਉੱਠਦਾ ਹੈ, 'ਬ੍ਰਹਿਮੰਡ ਮੈਂ ਤੀਨ ਦੇਵਤੇ ਹੈਂ' ਇਸ ਦਾ ਉੱਤਰ ਸੰਤ ਸੰਤੋਖ ਸਿੰਘ ਬਾਹੋਵਾਲ ਜੀ ਨੇ ਆਪਣੇ ਗ੍ਰੰਥ ਸਤਿਗੁਰੂ ਬਿਲਾਸ ਵਿਚ ਇਵੇਂ ਦਿੱਤਾ ਹੈ, 'ਪੌਣ ਬਿਸ਼ਨ ਹੈ, ਬ੍ਰਹਮਾ ਜਲ ਹੈ, ਅਗਨੀ ਸ਼ਿਵ ਹੈ, ਪ੍ਰੰਤੂ ਜੀਵ ਪੰਜ ਤੱਤਾਂ ਦਾ ਪੁਤਲਾ ਹੈ। ਇਹ ਦੇਵ ਧਰਤੀ ਨਹੀਂ, ਇਹ ਮਾਤ ਲੋਕ ਹੈ ਜਿਥੇ ਦੇਵਤਿਆਂ ਵਰਗੇ ਪੰਜ ਤੱਤ ਦੇ ਪੁਤਲੇ ਆਪਣੀ ਜੀਵਨ ਯਾਤਰਾ ਪੂਰੀ ਕਰਦੇ ਹਨ। ਉਹ ਤਿੰਨ ਵਿਅਕਤੀਆਂ ਤੇ ਪੰਜਾਂ ਤੱਤਾਂ ਦਾ ਇਕ ਇਕੱਠ ਅਕਾਲ ਪੁਰਖ ਸਤਿਗੁਰੂ ਦੇ ਹੁਕਮ ਅੰਦਰ ਤਨ, ਮਨ, ਧਨ ਗੁਰੂ ਨੂੰ ਸੌਂਪ ਆਪਣੀ ਜੀਵਨ ਯਾਤਰਾ ਸਫਲ ਕਰਕੇ ਫਿਰ ਉਸ ਦੇ ਚਰਨਾਂ ਵਿਚ ਜਾ ਵਿਰਾਜਦੇ ਹਨ। ਅਜਿਹੇ ਹੀ ਇਕ ਮਹਾਨ ਪੁਰਖ ਸੰਤ ਮਹਿੰਦਰ ਸਿੰਘ ਜੀ ਪਨਿਹਾਰੀ ਆਪਣੀ ਸੰਸਾਰ ਯਾਤਰਾ ਸਫਲ ਕਰ ਗਏ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਨਿੰਨ ਸੇਵਕ ਸੰਤ ਮਹਿੰਦਰ ਸਿੰਘ ਜੀ ੮੨ ਕੁ ਸਾਲ ਦੀ ਉਮਰ ਭੋਗ ਕੇ ੨੩ ਦਸੰਬਰ ੨੦੦੨ ਨੂੰ ਚੜ੍ਹਾਈ ਕਰ ਗਏ।

ਸੰਤ ਮਹਿੰਦਰ ਸਿੰਘ ਦਾ ਪਹਿਲਾ ਨਗਰ ਵੱਡੀ ਸਰਹਾਲੀ ਹਰੀਕਿਆਂ ਤੋਂ ਤਰਨ ਤਾਰਨ ਸੜਕ ਉੱਪਰ ਸਥਿਤ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਨਾਲ ਆਪ ਭਾਰਤ ਦੀ ਵੰਡ ਸਮੇਂ ਪਨਿਹਾਰੀ ਨਜ਼ਦੀਕ ਸਰਸਾ ਆ ਵਸੇ ਸਨ। ਆਪ ਜੀ ਦੇ ਪੜਦਾਦਾ ਸੰਤ ਸ਼ਾਮ ਸਿੰਘ ਜੋ ਆਪਣੇ ਸਮੇਂ ਦੇ ਵੱਡੇ ਜ਼ਿਮੀਦਾਰ ਅਤੇ ਮੰਨੇ ਪ੍ਰਮੰਨੇ ਸ਼ਾਹੂਕਾਰ ਸਨ। ਜਿਨ੍ਹਾਂ ਆਪਣੀ ਬਹੁਤ ਸਾਰੀ ਜਾਇਦਾਦ ਗਰੀਬਾਂ ਵਿਚ ਵੰਡ ਦਿੱਤੀ। ਦੇਵ ਨ੍ਹੌਰ ਪ੍ਰਭੂ ਦੀ ਕਿ ਕੁਝ ਜ਼ਮੀਨ ਬਾਕੀ ਰਹਿ ਗਈ ਜੋ ਆਪ ਜੀ ਦੇ ਪੁੱਤਰਾਂ ਦੇ ਹਿੱਸੇ ਆਈ। ਆਪ ਜੀ ਦੇ ਸਪੁੱਤਰ—ਪੰਥ ਰਤਨ ਸੰਤ ਜਿਊਣ ਸਿੰਘ (ਸਰਹਾਲੀ ਵਾਲੇ), ਸੰਤ ਮੀਹਾਂ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਜਿਨ੍ਹਾਂ ਨੇ ਗੁਰਬਾਣੀ ਦੀ ਇਸ ਪੰਗਤੀ ਨੂੰ ਵੀ ਪ੍ਰਤੱਖ ਕਰ ਵਿਖਾਇਆ, ਜੋ ਅਜੇ ਤਕ ਸਿੱਖ ਇਤਿਹਾਸ ਵਿਚ ਮਿਸਾਲ ਵਿਚ ਨਹੀਂ ਸੀ ਆਈ—

ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥
ਸਮੁੰਦੁ ਸਾਗਰ ਹੋਵੈ ਬਹੁ ਖਾਰਾ, ਗੁਰਸਿਖੁ ਲੰਘਿ ਗੁਰ ਪਹਿ ਜਾਈ॥

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ-ਗਮਨ ਸਮੇਂ ਖਾਰਾ ਸਮੁੰਦਰ ਪਾਰ ਕਰਕੇ ਸੰਤ ਮੀਹਾਂ ਸਿੰਘ ਜੀ ਨੇ ਸਰਕਾਰੀ ਸਖਤੀਆਂ ਦੀ ਪ੍ਰਵਾਹ ਨਾ ਕਰਦੇ ਹੋਏ, ਬਰਮਾ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਿਵਾਸ ਸਥਾਨ ਉੱਪਰ ਲਗੇ ਪਹਿਰਿਆਂ ਦੀ ਪ੍ਰਵਾਹ ਨਾ ਕਰਦੇ ਹੋਏ, ਗੁਰੂ ਜੀ ਦੀ ਜੁਦਾਈ ਦੀਆਂ ਜ਼ੰਜੀਰਾਂ ਤੋੜ ਸਤਿਗੁਰਾਂ ਦੀ ਪਵਿੱਤਰ ਨਿੱਘੀ ਗੋਦੀ ਦਾ ਅਨੰਦ ਮਾਣਿਆ ਅਤੇ ਸੰਗਤਾਂ ਲਈ ਪਵਿੱਤਰ ਹੁਕਮਨਾਮੇ ਸੰਗਤਾਂ ਦੇ ਭਲੇ ਲਈ 'ਗੁਰ ਉਪਦੇਸ਼' ਗੁਰੂ ਸ਼ਬਦ ਸੰਗਤਾਂ ਨੂੰ ਲਿਆ ਕੇ ਦਿੱਤੇ। ਗੁਰੂ ਜੀ ਦੇ ਲੰਗਰ ਵਿਚ ਲੱਗੀ ਮਾਇਆ, ਗਰੀਬਾਂ ਨੂੰ ਕੀਤਾ ਹੋਇਆ ਦਾਨ, ਸਤਿਗੁਰੂ ਦਰ ਦੀ ਸੇਵਾ ਦਾ ਫੁੱਲ ਅੱਜ ਸੰਤਾਂ ਦੇ ਪਰਿਵਾਰ ਵਿਚੋਂ ਪ੍ਰਤੱਖ ਦੇਖਿਆ ਜਾ ਸਕਦਾ ਹੈ। ਸੰਤ ਜਿਊਣ ਸਿੰਘ ਜੀ ਵਲੋਂ ਬਣਾਇਆ ਗੁਰਦਵਾਰਾ ਅੱਜ ਵੀ ਸੰਤਾਂ ਦੀ ਪ੍ਰਤੀਬੱਧਤਾ, ਸ਼ਰਧਾ ਤੇ ਭਗਤੀ ਦੀ ਪ੍ਰਤੱਖ ਮਿਸਾਲ ਹੈ। ਇਹ ਸੰਤ ਜੀ ਵੀ ਸੰਤ ਮਹਿੰਦਰ ਸਿੰਘ ਜੀ ਦੇ ਵਡੇਰਿਆਂ ਵਿਚੋਂ ਸਨ।

ਉੱਪਰ ਲਿਖੇ ਸੰਤਾਂ ਦੇ ਪੜਪੋਤੇ ਤੇ ਪੋਤਰੇ ਸੰਤ ਮਹਿੰਦਰ ਸਿੰਘ ਜੀ ਬਹੁਤ ਹੀ ਉੱਚ ਕੋਟੀ ਦੇ ਵਿਦਵਾਨ ਸਨ। ਆਪ ਜੀ ਨੇ ਸਿੱਖ ਪੰਥ ਵਿਚੋਂ ਅਲੋਪ ਹੋ ਰਹੀ ਬ੍ਰਹਮ ਵਿਦਿਆ 'ਵੇਦਾਂਤ' ਨੂੰ ਪ੍ਰਗਟ ਹੀ ਨਹੀਂ ਕੀਤਾ ਸਗੋਂ ਪ੍ਰਭੂ ਪ੍ਰੇਮੀਆਂ ਦੇ ਲਾਭ ਲਈ ਪੁਰਾਤਨ ਆਦਿ ਗਿਆਨ ਦਾ ਪ੍ਰਕਾਸ਼ ਆਪਣੀਆਂ ਪੁਸਤਕਾਂ ਰਾਹੀਂ ਕੀਤਾ, ਜੋ ਵਿਦਵਤਾ ਭਰਪੂਰ ਸੰਤਾਂ ਦੀ ਸੰਗਤਾਂ ਨੂੰ ਦੇਣ ਹੈ।

ਸਿੱਖ ਪੰਥ ਦਾ ਦੁਖਾਂਤ ਹੈ ਕਿ ਜਦੋਂ ਵੀ ਇਸ ਦੇ ਪੈਰੋਕਾਰਾਂ ਦੀ ਪਹੁੰਚ ਉੱਚ ਵਿਦਿਆ ਅਤੇ ਗੁਰੂ-ਗਿਆਨ ਤੱਕ ਨਾ ਪਹੁੰਚੇ ਤਾਂ 'ਹੱਥ ਨਾ ਅਪੜੇ ਥੂ ਕੌੜੀ' ਕਹਿ ਦਿੰਦੇ ਹਨ, ਜਿਵੇਂ ਅੱਜ ਕਲ੍ਹ ਦਸਮ ਗ੍ਰੰਥ ਜੀ ਬਾਰੇ ਵਿਵਾਦ ਛੇੜ ਲਿਆ ਹੈ। 'ਵੇਦਾਂਤ' ਕੋਈ ਓਪਰੀ ਅਤੇ ਅਨੋਖੀ ਵਿਦਿਆ ਨਹੀਂ ਹੈ ਸਗੋਂ ਇਹ ਵੀ ਜਗਿਆਸੂ, ਮਹਾਨ ਵਿਦਵਾਨ ਰਿਸ਼ੀਆਂ ਦੀ ਕ੍ਰਿਤ ਹੈ, ਜਿਸ

ਨੂੰ ਮੱਧ ਕਾਲ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਤੇ ਉਨ੍ਹਾਂ ਦੇ ਜਾਨਸ਼ੀਨਾਂ ਨੇ ਆਪਣੀ ਉੱਤਰੀ ਭਾਰਤ ਦੀ ਪ੍ਰਚਲਤ ਭਾਸ਼ਾ ਵਿਚ ਆਪਣੇ ਪਵਿੱਤਰ ਉਪਦੇਸ਼ (ਗੁਰਬਾਣੀ, ਗੁਰੂ-ਬਾਣੀ) ਸੁਖੇਨ ਅਤੇ ਸਮੇਂ ਦੀ ਪ੍ਰਚਲਤ ਗੁਰਮੁਖੀ (ਗੁਰ-ਮੁਖੀ) ਵਿਚ ਉਚਾਰਨ ਕਰ ਦਿੱਤੇ। ਜਿਸ ਨੂੰ ਅੱਜ ਗੁਰਬਾਣੀ ਦਾ ਦਰਜਾ ਦਿੱਤਾ ਜਾਂਦਾ ਹੈ।

ਸੰਤ ਮਹਿੰਦਰ ਸਿੰਘ ਜੀ ਨੇ ਬ੍ਰਹਮ ਵਿਦਿਆ 'ਵੇਦਾਂਤ' ਦਾ ਗੂੜ੍ਹ ਅਧਿਅਨ ਕੀਤਾ ਅਤੇ ਉਸ ਨੂੰ ਗੁਰਬਾਣੀ ਅਨੁਸਾਰ ਆਪਣੇ ਸਰੀਰ ਉੱਪਰ ਹੰਢਾਇਆ। ਇਸ ਦੇ ਗਿਆਨ ਦੇ ਨਾਲ ਨਾਲ ਆਪ ਜੀ ਵੇਦਾਂਤ ਦੇ ਗੁਣਾਂ ਨਾਲ ਵੀ ਭਰਪੂਰ ਸਨ। ਆਪ ਜੀ ਨੇ ਦਾਸ ਨੂੰ ਦੱਸਿਆ ਕਿ "ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅੱਜ ਦੇ ਸਭ ਤੋਂ ਵੱਡੇ ਵੇਦਾਂਤੀ ਹਨ।" ਦਾਸ ਨੇ ਪੁਛਿਆ ਇਹ ਕਿਵੇਂ ਹੋ ਸਕਦਾ ਹੈ ? ਸੰਤ ਜੀ ਨੇ ਦਸਿਆ ਕਿ ਵੇਦਾਂਤ ਅਤੇ ਗੁਰਬਾਣੀ ਇਹ ਕਹਿੰਦੀ ਹੈ ਕਿ 'ਮਾਇਆ ਨਾਗਨੀ ਹੈ', ਪਰ ਅੱਜ ਦਾ ਪ੍ਰਤੱਖ ਸਤਿਗੁਰੂ ਵੇਦਾਂਤ ਤੋਂ ਅਗਾਂਹ ਦੀ ਅਤੇ ਸਮੇਂ ਦੇ ਹਾਣ ਦੀ ਗੱਲ ਕਰਦਾ ਹੋਇਆ ਫਰਮਾਉਂਦਾ ਹੈ, "ਜਿਥੇ ਮਾਇਆ ਆਵੇ ਤੁਸੀਂ ਉਥੇ 'ਸਬਰ' ਨੂੰ ਨਾਲ ਹੀ ਰੱਖ ਲਓ ਫਿਰ ਮਾਇਆ ਨਾਗਨੀ ਨਹੀਂ ਰਹੇਗੀ।ਦੱਸ ਕਾਕਾ ਸਤਿਗੁਰੂ ਵੇਦਾਂਤ ਦੇ ਵਿਦਵਾਨ-ਬ੍ਰਹਮ ਕਿਵੇਂ ਨਾ ਹੋਏ ਜੋ ਸਮੇਂ ਅਨੁਸਾਰ ਵੇਦਾਂਤ-ਗਿਆਨ ਵਿਦਿਆ ਗੁਰਬਾਣੀ ਦਾ ਪ੍ਰਚਾਰ ਕਰ ਰਹੇ ਹਨ।"

ਸੰਤ ਜੀ ਨੇ ਆਪਣੇ ਜੀਵਨ ਕਾਲ ਵਿਚ ਪੂਰਨ ਗੁਰਮੁਖੀ ਗੁਰਸਿੱਖੀ ਵਾਲਾ ਜੀਵਨ ਪ੍ਰਤੱਖ ਮਿਸਾਲ ਬਣ ਕੇ ਜੀਵਿਆ ਹੈ। ਆਪ ਜੀ ਉੱਚ-ਕੋਟੀ ਦੇ ਵਿਦਵਾਨ, ਸਿਰਫ ਕਿਤਾਬੀ ਵਿਦਵਾਨ ਹੀ ਨਹੀਂ ਸਗੋਂ ਨਾਮ ਅਭਿਆਸੀ, ਪੂਰਨ ਭਜਨੀਕ ਸਾਧੂ ਬਿਰਤੀ ਵਾਲੇ ਗੁਣੀ ਗਿਆਨੀ ਗੁਰਸਿਖ ਸਨ। ਆਪ ਜੀ ਨੂੰ ਨਿਮਰਤਾ ਦੇ ਪੁੰਜ ਪੂਰਨ ਬ੍ਰਹਮ ਅਵਤਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਜ਼ਦੀਕੀ ਰਿਸ਼ਤੇਦਾਰ (ਕੁੜਮ) ਹੋਣ ਦੇ ਬਾਵਜੂਦ ਵੀ ਸ੍ਰੀ ਸਤਿਗੁਰੂ ਜੀ ਇਨ੍ਹਾਂ ਸੰਸਾਰੀ ਰਿਸ਼ਤਿਆਂ ਤੋਂ ਬਹੁਤ ਉੱਪਰ ਉੱਠ (ਸੰਤਾਂ ਨੂੰ) ਪੂਰਨ ਗੁਰਸਿੱਖੀ ਵਾਲਾ ਜੀਵਨ ਜੀਉਣ ਦੀ ਜਾਚ ਦੱਸਦੇ ਰਹੇ ਅਗੋਂ ਸੰਤ ਜੀ ਵੀ ਆਪਣੀ ਬਿਰਤੀ, ਲਗਨ ਅਤੇ ਵੇਦਾਂਤ ਵਿਦਿਆ ਦੀ ਖੋਜ ਵਿਚ ਹੀ ਵਿਚਰਦੇ ਰਹੇ। ਕਦੇ ਵੀ ਗੁਰੂ-ਸਿੱਖ ਦੇ ਰਿਸ਼ਤੇ ਤੋਂ ਅਗੇ ਨਹੀਂ ਸਨ ਗਏ।

ਮਨੁੱਖ ਇਕ ਪੌਣ-ਪਾਣੀ ਤੇ ਹੱਡ ਚੰਮ ਦਾ ਪਿੰਜਰ ਹੈ ਅਤੇ ਦੂਸਰੀ ਜੋ (ਰੂਹ) ਪੰਛੀ ਵਾਂਗਰ ਵਿਚ ਟਿਕੀ ਹੋਈ ਹੈ 'ਹਾਡ ਮਾਸ ਨਾੜੀ ਕੋ ਪਿੰਜਰ ਪੰਖੀ ਬਸੈ ਬਿਚਾਰਾ॥' ਪਰ ਗਹੁ ਕੀਤਿਆਂ ਪਤਾ ਲਗਦਾ ਹੈ ਕਿ ਇਨ੍ਹਾਂ ਦੋਹਾਂ ਦਾ ਪ੍ਰਸਪਰ ਸੰਬੰਧ ਤੇ ਲਗਾਉ ਪੈਦਾ ਕਰਨ ਲਈ ਦੋਹਾਂ ਦੇ ਜੁੜਨ ਦੇ ਸਮੇਂ ਤੋਂ ਹੀ ਇਕ ਤੀਸਰੀ ਸ਼ੈ 'ਮਨ' ਪੈਦਾ ਹੋ ਜਾਂਦੀ ਹੈ—ਮਨ, ਚਿੱਤ, ਬੁੱਧੀ, ਅਹੰਮ। ਗੁਰਬਾਣੀ ਵਿਚਾਰ ਤੇ ਆਮ ਵਰਤਾਰਾ ਸਾਨੂੰ ਇਸ ਨਤੀਜੇ 'ਤੇ ਪੁਚਾਂਦਾ ਹੈ ਕਿ ਜੀਵ ਆਪਣੀ ਮੁਖਤਾਰੀ ਮਨ ਨੂੰ ਸੌਂਪਦਾ ਤੇ ਮਨ ਆਪਣੀ ਇੱਛਾ ਅਨੁਸਾਰ ਤਨ ਨੂੰ ਚਲਾਉਂਦਾ ਹੈ। ਪਰ ਮਨ ਤੇ ਤਨ ਪ੍ਰਸਪਰ ਮਿਲਵਰਤਨ ਹੋਣ ਕਰਕੇ ਇਕ ਦੂਜੇ ਦੇ ਅਸਰ ਕਬੂਲ ਕਰਦੇ ਰਹਿੰਦੇ ਹਨ। ਭਾਵੇਂ ਵਿਸ਼ੇਸ਼ ਕਰਕੇ ਮਨ ਦੀ ਹਕੂਮਤ ਹੀ ਤਨ 'ਤੇ ਪ੍ਰਭਾਵ ਪਾਉਂਦੀ ਹੈ, ਪਰ ਮਨ ਦਾ ਸੁਭਾਉ ਕੁਝ ਅਲਬੇਲਾ ਜਿਹਾ ਹੈ, ਕਦੀ ਇਹ ਆਤਮ ਪ੍ਰਾਇਣ ਹੋ ਜਾਂਦਾ ਹੈ ਤੇ ਕਦੀ ਸਰੀਰ ਵਲ ਵਿਸ਼ੇਸ਼ ਧਿਆਨ ਕਰਦਾ ਹੈ। ਸੰਤ ਮਹਿੰਦਰ ਸਿੰਘ ਜੀ ਨੂੰ ਤੰਦਰੁਸਤ ਰੱਖ ਲੰਬੀ ਉਮਰ ਭੋਗਣ ਦਾ ਮਾਣ ਪ੍ਰਾਪਤ ਕੀਤਾ ਸਿਰਫ ਗੁਰੂ ਘਰ ਦੀ ਵੱਧ ਤੋਂ ਵੱਧ ਅਤੇ ਵੱਧ ਸਮੇਂ ਲਈ ਸੇਵਾ ਕਰਨ ਲਈ ਸਰੀਰ ਵੱਲ ਵਿਸ਼ੇਸ਼ ਝੁਕਾਉ ਕੀਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਪੱਕ (ਗੁਰਮੁਖ) ਅਵਸਥਾ ਵਾਲੇ ਮਨ ਉੱਤੇ ਤਨ ਦਾ ਪ੍ਰਭਾਵ ਨਹੀਂ ਪੈ ਸਕਦਾ, ਪ੍ਰੰਤੂ ਪ੍ਰਪੱਕ ਅਵਸਥਾ ਨਿਰਾ ਪੁਰਾ ਕਹਿਣ ਸੁਣਨ ਤੇ ਸਮਝਣ (ਸੂਝ-ਬੂਝ) ਨਾਲ ਨਹੀਂ ਹੋ ਜਾਂਦੀ। ਇਸ ਅਭਿਆਸ, ਗਿਆਨ-ਧਿਆਨ ਲਈ ਯਤਨ ਤੇ ਸਮੇਂ ਦੀ ਲੋੜ ਹੈ। ਗੁਰਬਾਣੀ ਵਿਚ ਇਸ ਗੱਲ ਲਈ ਜਨਮ-ਜਨਮਾਂਤਰਾਂ ਦਾ ਲਗ ਜਾਣਾ ਕਥਨ ਕੀਤਾ ਹੈ, ਪ੍ਰੰਤੂ ਸੰਤ ਜੀ ਨੇ ਇਸੇ ਜਨਮ ਵਿਚ ਸਾਰੇ ਚੱਕਰ ਖਤਮ ਕਰ ਜੀਵਨ-ਮੁਕਤ ਹੋ ਸਤਿਗੁਰੂ-ਦਰਸ਼ਨਾਂ ਦਾ ਅਨੰਦ ਮਾਣਿਆ ਅਤੇ ਆਪਣਾ ਸਾਰਾ ਜੀਵਨ ਹੀ ਅਕਾਲ ਪੁਰਖ ਪ੍ਰਭੂ ਪ੍ਰੀਤਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿੱਤਰ ਚਰਨਾਂ ਵਿਚ ਅਰਪਨ ਕਰ ਦਿੱਤਾ, ਆਪਣਾ ਜੀਵਨ ਅਤੇ ਅਗੋਂ ਪਰਿਵਾਰ ਸਤਿਗੁਰਾਂ ਦੇ ਲੇਖੇ ਲਾ ਦਿੱਤਾ।

ਸੰਤ ਜੀ ਨੇ ਗੁਰਸਿੱਖਾਂ ਦੇ ਅਧਿਅਨ ਲਈ ਗੁਰਬਾਣੀ ਅਤੇ ਗਿਆਨ ਦੇ ਮਹਾਨ ਗ੍ਰੰਥਾਂ ਦੇ ਅਧਾਰ 'ਤੇ ਤਿੰਨ ਮਹਾਨ ਪੁਸਤਕਾਂ ਵਿਰਾਸਤ ਵਿਚ ਦਿੱਤੀਆਂ ਹਨ—'ਗੁਰ ਚੇਤਨ', 'ਹੇਤੂ ਮੁਕਤ ਕੋ ਗਿਆਨ,' 'ਭਗਤੀ ਗਿਆਨ ਸਹਿਜ ਜੋਗ'। ਇਹ ਪੁਸਤਕਾਂ ਵੇਦ, ਗੀਤਾ ਅਤੇ ਗੁਰਬਾਣੀ ਦਾ ਨਿਚੋੜ ਹਨ। ਸਾਡੀ ਸੰਤਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਜੇ ਅਸੀਂ ਇਨ੍ਹਾਂ ਗ੍ਰੰਥਾਂ ਨੂੰ ਪੜ੍ਹ ਸੰਤ ਜੀ ਦੇ ਅਮਲੀ ਜੀਵਨ ਤੋਂ ਸਿਖਿਆ ਲੈ ਕੇ ਆਪਣੇ ਜਨਮ ਵੀ ਸਫਲ ਕਰੀਏ। ਉਨ੍ਹਾਂ ਦੇ ਅਣਛਪੇ ਗ੍ਰੰਥਾਂ ਨੂੰ ਵੀ ਪ੍ਰਕਾਸ਼ਤ ਕਰੀਏ।

ਦਾਸ ਦੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿੱਤਰ ਚਰਨਾਂ 'ਚ ਅਰਦਾਸ ਹੈ ਕਿ ਸਾਨੂੰ ਸੰਤਾਂ ਦੇ ਵਿਛੋੜੇ ਦਾ ਸੱਲ ਝੱਲਣ ਦਾ ਬੱਲ ਬਖਸ਼ਣ, ਪਰਿਵਾਰ ਨੂੰ ਭਾਣਾ ਮੰਨਣ ਦੀ ਸਮਰੱਥਾ ਬਖਸ਼ਣ ਦੀ ਕ੍ਰਿਪਾ ਕਰਦੇ ਹੋਏ ਸੰਤ ਜੀ ਦੀ ਜੀਵ ਆਤਮਾ ਨੂੰ ਆਪਣੇ ਪਵਿੱਤਰ ਚਰਨਾਂ 'ਚ ਨਿਵਾਸ ਬਖਸ਼ਣ ਜੀ।

ਸ਼ਾਸਤਰੀ ਸੰਗੀਤ ਦਾ ਮਹਾਨ ਕੁੰਭ ਹਰਿਬਲਭ ਸੰਗੀਤ ਸੰਮੇਲਨ

ਉੱਤਰੀ ਭਾਰਤ ਦਾ ਗੌਰਵਮਈ ਸੰਗੀਤ ਸੰਮੇਲਨ ਮੇਲਾ ਹਰਿਵਲਭ ਜਲੰਧਰ ਵਿੱਚ ਹੁੰਦਾ ਹੈ। ਨੌਜਵਾਨ ਕਲਾਕਾਰਾਂ ਦੇ ਮੁਕਾਬਲਿਆਂ ਬਾਅਦ ੨੭-੨੮-੨੯ ਦਸੰਬਰ ਨੂੰ ਸ਼ਾਸਤਰੀ ਸੰਗੀਤ ਦੇ ਸੰਸਾਰ ਪ੍ਰਸਿੱਧ ਕਲਾਕਾਰ ਆਪਣੀ ਕਲਾ ਕੌਸ਼ਲਤਾ ਦਾ ਪ੍ਰਦਰਸ਼ਨ ਕਰਦੇ ਰਹੇ ਹਨ। ੧੨੭ ਸਾਲ ਤੋਂ ਨਿਰੰਤਰ ਚੱਲ ਰਿਹਾ ਇਹ ਸੰਗੀਤ ਸਮਾਰੋਹ ਜਲੰਧਰ ਦੀ ਹੀ ਨਹੀਂ ਸਗੋਂ ਸਾਰੇ ਪੰਜਾਬ ਦੀ ਸ਼ਾਨ ਹੈ। ਪੰਜਾਬ ਗੁਰੂਆਂ ਦੀ ਕਿਰਪਾ ਨਾਲ ਫੈਜ਼ਯਾਬ ਧਰਤੀ ਹੈ। ਭਾਵੇਂ ਅੱਜ ਕਲ੍ਹ ਰਾਗ ਕਲਾ ਦੇ ਖੇਤਰ ਵਿੱਚ ਬਾਕੀ ਪ੍ਰਦੇਸ਼ ਬਹੁਤ ਅੱਗੇ ਹਨ ਪਰ ਪੰਜਾਬ ਵਿੱਚ ਛੇਵਾਂ ਦਰਿਆ ਰਾਗ ਸੰਗੀਤ ਦਾ ਗੁਰੂਆਂ ਨੇ ਵਗਾਇਆ ਹੈ। ਦੁਨੀਆ ਦੇ ਮਹਾਨ ਧਰਮ ਗ੍ਰੰਥ 'ਸ੍ਰੀ ਆਦਿ ਗ੍ਰੰਥ ਸਾਹਿਬ' ਵਿਚਲੀ ਬਾਣੀ ਦੇ ਰਚਨਾ ਰਾਗਾਂ ਦੇ ਸਿਰਲੇਖਾਂ ਹੇਠ ਕੀਤੀ ਗਈ ਹੈ। ਇਹ ਇਸ ਗੱਲ ਨੂੰ ਪ੍ਰਮਾਣਿਤ ਕਰਦਾ ਹੈ ਕਿ ਇਹ ਕਲਾ ਜਿਸ ਨੂੰ ਸ਼ਾਸਤਰੀ ਸੰਗੀਤ ਕਿਹਾ ਜਾਂਦਾ ਹੈ, ਪੰਜਾਬ ਵਿਚ ਕਿੰਨੀ ਪ੍ਰਵਾਣਿਤ ਰਹੀ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਪ੍ਰਸਿੱਧ ਸੰਗੀਤਕਾਰ ਭਾਈ ਮਰਦਾਨਾ ਨੂੰ ਆਪਣੇ ਸੰਗੀ ਹੋਣ ਦਾ ਮਾਣ ਬਖਸ਼ ਕੇ ਤਾਂ ਸੰਗੀਤ ਦੀ ਪ੍ਰਮੁਖਤਾ ਨੂੰ ਸਦਾ ਲਈ ਮਾਣਤਾ ਬਖਸ਼ ਦਿੱਤੀ। ਰਬਾਬੀਆਂ-ਰਾਗੀਆਂ ਦੀ ਇਕ ਲੰਮੀ ਪਰੰਪਰਾ ਨੇ ਪੰਜਾਬ ਦੇ ਇਕ ਸੰਤ ਮਹਾਂ ਪੁਰਸ਼ ਸ੍ਰੀ ਹਰਿਬਲਭ ਨੂੰ ਸੰਗੀਤ ਅਕਾਸ਼ 'ਤੇ ਧਰੂ ਤਾਰੇ ਵਾਂਗ ਸਥਾਪਿਤ ਕੀਤਾ ਹੈ।

ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਤਲਵਾੜੇ ਦਾ ਯਤੀਮ ਬੱਚਾ ਸੁਆਮੀ ਤੁਲਜਾਗਿਰੀ ਦੀ ਸ਼ਖਸੀਅਤ ਵੱਲ ਖਿੱਚਿਆ ਗਿਆ ਤੇ ਉਨ੍ਹਾਂ ਦਾ ਹੀ ਹੋ ਗਿਆ। ਸੁਆਮੀ ਤੁਲਜਾਗਿਰੀ ਦੇ ਦਿਹਾਂਤ ਬਾਅਦ ਹਰਿਬਲਭ ਜੀ ਗੱਦੀ 'ਤੇ ਬੈਠੇ। ਉਹ ਧਾਰਮਿਕ ਸਾਹਿਤ, ਸੰਸਕ੍ਰਿਤ ਅਤੇ ਹੋਰ ਭਾਸ਼ਾਵਾਂ ਦੇ ਵਿਦਵਾਨ ਸੰਗੀਤ ਦੇ ਵੀ ਵਿਦਵਾਨ ਅਤੇ ਕਲਾਕਾਰ ਸਨ। ਆਪਣੇ ਗੁਰੂ ਦੀ ਯਾਦ ਵਿਚ ਉਹ ਹਰ ਸਾਲ ਬਰਸੀ ਮਨਾਉਣ ਲਈ ਪ੍ਰਸਿੱਧ ਸੰਗੀਤਕਾਰਾਂ ਨੂੰ ਇਕੱਠਿਆਂ ਕਰਨ ਲੱਗੇ। ਪਹਿਲੀ ਬਰਸੀ ੧੮੭੫ ਨੂੰ ਮਨਾਈ ਅਤੇ ਇਹ ਹੀ ਇਸ ਮਹਾਨ ਸੰਗੀਤ ਯੱਗ ਦਾ ਆਰੰਭ ਸੀ। ਸੰਨ ੧੮੮੫ ਵਿਚ ਹਰਿਬਲਭ ਜੀ ਦਾ ਦਿਹਾਂਤ ਹੋਇਆ ਤਾਂ ਉਨ੍ਹਾਂ ਦੇ ਚੇਲੇ ਸੁਆਮੀ ਤੋਲੇ ਰਾਮ ਦੇ ਆਪਣੇ ਗੁਰੂ ਦੀ ਯਾਦ ਨੂੰ ਚਿਰ ਸਥਾਈ ਕਰਨ ਵਾਸਤੇ ਹਰਿਬਲਭ ਜੀ ਵੱਲੋਂ ਸ਼ੁਰੂ ਕੀਤੇ ਸੰਗੀਤ ਮੇਲੇ ਨੂੰ ਸਥਾਈ ਰੂਪ ਦੇਣ ਲਈ ਯਤਨ ਕੀਤੇ। ਪੰਡਿਤ ਵਿਸ਼ਨੂੰ ਦਿਗੰਬਰ ਪੁਲਸਕਰ ਜਿਹੀ ਮਹਾਨ ਸੰਗੀਤ ਹਸਤੀ ਨੇ ਇਸ ਮੇਲੇ 'ਤੇ ਪਹੁੰਚਣ ਨਾਲ ਇਹ ਮੇਲਾ ਭਰਤ ਦੇ ਨਕਸ਼ੇ ਤੇ ਆ ਗਿਆ ਅੰਤੇ ਦੇਸ਼ ਦੇ, ਖਾਸ ਕਰਕੇ ਪੰਜਾਬ ਦੇ ਰਾਜ ਦਰਬਾਰਾਂ ਵਿਚ ਵੀ ਇਸ ਨੂੰ ਅਤੇ ਇਸ ਵਿਚ ਭਾਗ ਲੈਣ ਵਾਲੇ ਕਲਾਕਾਰਾਂ ਨੂੰ ਮਾਣਤਾ ਮਿਲੀ।

ਭਾਵੇਂ ਇਹ ਮੇਲਾ ਦਸੰਬਰ ਮਹੀਨੇ ਦੇ ਅੰਤ ਉੱਤੇ ਆਉਂਦਾ ਹੈ ਜਦੋਂ ਸਰਦੀ ਆਪਣੇ ਪੂਰੇ ਜੋਬਨ 'ਤੇ ਹੁੰਦੀ ਹੈ ਅਤੇ ਰਾਤਾਂ ਦੀ ਲੰਬਾਈ ਵੀ ਸਿਖਰ 'ਤੇ ਹੁੰਦੀ ਹੈ ਪਰ ਸੰਗੀਤ ਪ੍ਰੇਮੀਆਂ ਨੂੰ ਸੰਗੀਤ ਸੁਣਦਿਆਂ ਨਾ ਤਾਂ ਰੱਜ ਆਉਂਦਾ ਹੈ ਨਾ ਸਰਦੀ ਸਤਾਉਂਦੀ ਹੈ ਨਾ ਰਾਤ ਦੀ ਲੰਬਾਈ। ਗਾਉਣ ਵਾਲੇ ਕਲਾਕਾਰ, ਧਰੁਪਦ ਧਮਾਰ ਖਿਆਲ, ਠੁਮਰੀ ਟੱਪਾ ਦੀ ਵੰਨਗੀਆਂ ਪ੍ਰੇਸ਼ ਕਰਦੇ ਹਨ। ਸਾਜ਼ਾਂ ਦੇ ਕਲਾਕਾਰ ਸਿਤਾਰ, ਸਰੋਦ, ਸ਼ਹਿਨਾਈ, ਬੰਸਰੀ, ਵੀਣਾ, ਸਾਰੰਗੀ (ਅਤੇ ਮਾਡਰਨ ਸਾਜ਼ ਵਾਇਲਨ, ਗਿਟਾਰ ਆਦਿ) ਦਾ ਵਾਦਨ ਕਰਕੇ ਸਮਾਂ ਬੰਨ੍ਹ ਦਿੰਦੇ ਹਨ। ਤਬਲਾ ਮ੍ਰਿਦੰਗ ਦੀਆਂ ਪੇਸ਼ਕਾਰੀਆਂ ਬਦੋ-ਬਦੀ ਮਨ ਮੋਹਦੀਆਂ ਹਨ। ਜਦੋਂ ਅੱਜ ਕਲ੍ਹ ਵਾਂਗ ਸ਼ਾਸਤਰੀ ਸੰਗੀਤ ਸਕੂਲਾਂ ਕਾਲਜਾਂ ਦੇ ਕੋਰਸਾਂ ਦਾ ਭਾਗ ਨਹੀਂ ਸੀ ਤਾਂ ਹਰਿਬਲਭ ਦੇ ਸ੍ਰੋਤਿਆਂ ਨੂੰ ਸੁਣ-ਸੁਣ ਕੇ ਹੀ ਏਨਾਂ ਗਿਆਨ ਹੋ ਜਾਂਦਾ ਸੀ ਜੋ ਪੁਸਤਕਾਂ ਵਿੱਚ ਵੀ ਨਾ ਲੱਭਦਾ।

ਇਸ ਮੇਲੇ ਵਿਚ ਏਨੇ ਉਚ ਕਲਾਕਾਰ ਤਾਦਾਦ ਵਿਚ ਇਨੀ ਵੱਡੀ ਗਿਣਤੀ ਵਿਚ ਆਏ ਹਨ ਕਿ ਨਾਮ ਲਿਖਦਿਆਂ ਪੁਸਤਕਾਂ ਭਰ ਜਾਣ। ਹਰ ਧਰਮ, ਹਰ ਪ੍ਰਾਂਤ, ਇਲਾਕੇ ਅਤੇ ਬੋਲੀਆਂ ਤਹਿਜ਼ੀਬਾਂ ਵਾਲੇ ਕਲਾਕਾਰ ਆਏ ਹਨ। ਸੰਗੀਤ ਵਿੱਚ ਸਭ ਵਿਤਕਰੇ ਖ਼ਤਮ ਹੋ ਜਾਂਦੇ ਹਨ। ਇਸ ਮੇਲੇ ਦੀ ਇਹ ਸਿਫ਼ਤ ਹੈ ਕਿ ਕੌਮੀ ਏਕਤਾ ਅਤੇ ਅਖੰਡਤਾ ਵਿਚ ਇਸ ਨੇ ਭਰਪੂਰ ਹਿੱਸਾ ਪਾਇਆ ਹੈ। ਭਾਰਤ, ਪਾਕਿਸਤਾਨ, ਅਫ਼ਗਾਨਿਸਤਾਨ ਤੋਂ ਕਲਾਕਾਰ ਆ ਚੁੱਕੇ ਹਨ। ਵਿਦੇਸ਼ਾਂ ਵਿੱਚ ਵਸੇ ਕਲਾਕਾਰਾਂ ਦੀ ਆਮਦ ਨਾਲ ਇਹ ਮੇਲਾ ਅੰਤਰਰਾਸ਼ਟਰੀ ਪ੍ਰਸਿੱਧੀ ਹਾਸਲ ਕਰ ਚੁੱਕਾ ਹੈ।

ਇਸ ਸਾਲ ਦੇ ਮੇਲੇ ਵਿੱਚ ਜੋ ਕਲਾਕਾਰ ਆਏ ਹਨ ਉਨ੍ਹਾਂ ਵਿਚ ਭਾਰਤ ਦੇ ਪ੍ਰਸਿੱਧ ਕਲਾਕਾਰ ਪੰਡਿਤ ਸ਼ਿਵ ਕੁਮਾਰ ਸ਼ਰਮਾ ਸੰਤੂਰ ਵਾਦਕ, ਸ਼੍ਰੀਮਤੀ ਐਮ. ਰਾਜਮ ਵਾਇਲਿਨ ਵਾਦਕ, ਗਾਇਕ ਪੰਡਿਤ ਅਜੋਏ ਚਕ੍ਰਵਰਤੀ, ਸ. ਮੋਹਨ ਸਿੰਘ ਸੁਖਦੇਵ ਸਿੰਘ ਨਾਮਧਾਰੀ, ਮਿਸ ਕੌਸ਼ਿਕੀ ਚਕ੍ਰਵਰਤੀ, ਪ੍ਰੋ. ਬੀ. ਐਸ. ਨਾਰੰਗ, ਪੰਡਿਤ ਭੋਲਾ ਨਾਥ ਮਿਸ਼ਰਾ, ਸ਼੍ਰੀਮਤੀ ਵੀਣਾ ਸਹਸਰਬੁਧੇ ਆਦਿ ਜਿਹੇ ਨਾਮ ਹਨ। ਤਬਲਾ ਵਾਦਨ ਵਿਚ ਇਸ ਵਾਰ ਨੌਜਵਾਨ ਵਾਦਿਕਾ ਕੁਮਾਰੀ ਰਿਪਾ ਸ਼ਿਵਾ, ਹਰਪ੍ਰੀਤ ਸਿੰਘ ਨਾਮਧਾਰੀ, ਸੰਦੀਪ ਦਾਸ, ਸੁਭਾਸ਼ਿਸ਼ ਚੈਟਰਜੀ, ਵਿਸ਼ਵਨਾਥ ਸ਼ਿਰੋਡਕਰ, ਸ਼ਫਾਤ ਅਹਿਮਦ ਖਾਂ, ਪੁੰਡਲੀਕ ਭਾਗਵਤ ਆਦਿ ਪ੍ਰਸਿੱਧ ਨਾਮ ਹਨ। ਇਨ੍ਹਾਂ ਮਹਾਨ ਕਲਾਕਾਰਾਂ ਤੇ ਨੌਜਵਾਨ ਕਲਾਕਾਰਾਂ ਦੇ ਸੰਗੀਤ ਮੁਕਾਬਲਿਆਂ ਦਾ ਆਪਣਾ ਹੀ ਰੰਗ ਸੀ।

ਜਲੰਧਰ ਦੇ ਪ੍ਰਸਿੱਧ ਦੇਵੀ ਤਾਲਾਬ ਮੰਦਿਰ ਵਿੱਚ ਹੋ ਰਿਹਾ ਸੰਗੀਤ ਦਾ ਮਹਾਂ ਯੱਗ ਹੋਰ ਵੀ ਬਹੁਤ ਕੁਝ ਸਾਂਭੀ ਬੈਠਾ ਹੈ। ਭਾਰਤ ਭਰ ਵਿੱਚ ਵੱਡੇ-ਵੱਡੇ ਸੰਗੀਤ ਸਮਾਰੋਹਾਂ ਵਿੱਚ ਸ਼ਾਇਦ ਹਰਿਬਲਭ ਮੇਲਾ ਇਕੋ ਇਕ ਹੈ ਜੋ ਬਗੈਰ ਦਾਖਲਾ ਫੀਸ ਤੋਂ ਹੁੰਦਾ ਹੈ। ਭਾਰਤੀ ਰੀਤ ਅਨੁਸਾਰ ਥੱਲੇ ਬੈਠ ਕੇ ਚੌਕੜੀ ਮਾਰ ਕੇ ਸੁਣਿਆ ਜਾਂਦਾ ਹੈ। ਮੇਲੇ ਦੀ ਪ੍ਰਬੰਧਕੀ ਕਮੇਟੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਦੇਵੀ ਤਾਲਾਬ ਮੰਦਿਰ ਕਮੇਟੀ ਅਤੇ ਹੋਰ ਬਹੁਤ ਵੱਡੇ ਸਹਿਯੋਗੀ ਮੰਡਲ ਦੀ ਮੇਲੇ ਵਿਚ ਅਹਿਮ ਭੂਮਿਕਾ ਹੈ। ਇਹ ਸਚਮੁਚ ਪੰਜਾਬੀਆਂ ਦੀ ਦਰਿਆ ਦਿਲ ਭਾਵਨਾ ਦਾ ਹੀ ਇਕ ਨਮੂਨਾ ਹੈ।

—ਜਗਦੀਸ਼ ਸਿੰਘ

ਖਬਰਨਾਮਾ

ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਪਿੰਡ ਜੋਗਾ (ਮਾਨਸਾ) ਵਿਖੇ ਦੇਸ਼ ਭਗਤਾਂ ਦਾ ਪੰਜਵਾਂ ਮੇਲਾ

ਮਾਲਵੇ ਦੇ ਮਸ਼ਹੂਰ ਪਿੰਡ ਜੋਗਾ ਵਿਖੇ ਮਿਤੀ ੨੯-੧੨-੨੦੦੨ ਨੂੰ ਇਸੇ ਪਿੰਡ ਦੇ ਮਲੇਰਕੋਟਲਾ ਵਿਖੇ ਸ਼ਹੀਦ ਹੋਏ ਚਾਰ ਨਾਮਧਾਰੀ ਸਿੱਖਾਂ ਦੀ ਯਾਦ ਵਿੱਚ ਜੰਗੀਰ ਸਿੰਘ ਜੋਗਾ ਚੈਰੀਟੇਬਲ ਸੁਸਾਇਟੀ ਵੱਲੋਂ ਇੱਕ ਮੇਲਾ ਕਰਵਾਇਆ ਗਿਆ। ਸੁਸਾਇਟੀ ਵੱਲੋਂ ਇਹ ਮੇਲਾ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਸਹਿਯੋਗ ਨਾਲ ਲਾਇਆ ਜਾਂਦਾ ਹੈ। ਇਹ ਮੇਲਾ ਸਵਰਗੀ ਕਾਮਰੇਡ ਜੰਗੀਰ ਸਿੰਘ ਜੋਗਾ ਦੇ ਉਦਮ ਨਾਲ ਸ਼ੁਰੂ ਹੋਇਆ ਹੈ। ਯਾਦ ਰਹੇ ਕਿ ਨਾਮਧਾਰੀ ਲਹਿਰ ਦਾ ਇਸ ਇਲਾਕੇ ਵਿੱਚ ਕਿਸੇ ਵਕਤ ਕਾਫੀ ਦਬਦਬਾ ਰਿਹਾ ਸੀ। ਜੋਗਾ ਪਿੰਡ ਨੇ ਚਾਰ ਸ਼ਹੀਦ ਬਾਬਾ ਸ਼ਾਮ ਸਿੰਘ, ਬਾਬਾ ਜਵਾਹਰ ਸਿੰਘ, ਬਾਬਾ ਸੁੱਚਾ ਸਿੰਘ ਤੇ ਕਿਸ਼ਨ ਸਿੰਘ ਨਾਮਧਾਰੀ ਲਹਿਰ ਨੂੰ ਦਿੱਤੇ ਸਨ। ਬਾਬਾ ਸ਼ਾਮ ਸਿੰਘ ਜੰਗੀਰ ਸਿੰਘ ਜੋਗਾ ਦੇ ਪਰਿਵਾਰ ਵਿੱਚੋਂ ਸਨ। ਬਾਬਾ ਸ਼ਾਮ ਸਿੰਘ ਮਲੇਰਕੋਟਲਾ ਵਿਖੇ ਤੋਪਾਂ ਅੱਗੇ ਸੀਨਾ ਤਾਣ ਕੇ ਖੜੇ ਹੋਣ ਵਾਲੇ ਪਹਿਲੇ ਸੱਤ ਸਿੱਖਾਂ ਵਿੱਚੋਂ ਸਨ।

ਇਸ ਵਾਰ ਸੁਸਾਇਟੀ ਵੱਲੋਂ ਇਸ ਮੇਲੇ ਨੂੰ ਸਰਬ ਸਾਂਝਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ। ਤਕਰੀਬਨ ਸਾਰੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੇ ਇਸ ਮੇਲੇ ਵਿੱਚ ਆਪਣੀ ਹਾਜ਼ਰੀ ਲਗਵਾਈ। ਮੇਲੇ ਦੀ ਪ੍ਰਧਾਨਗੀ ਸ੍ਰੀ ਐਸ. ਕੇ. ਆਹਲੂਵਾਲੀਆ ਡਿਪਟੀ ਕਮਿਸ਼ਨਰ ਮਾਨਸਾ ਨੇ ਕੀਤੀ ਤੇ ਭਾਨ ਸਿੰਘ ਭੌਰਾ ਮੈਂਬਰ ਪਾਰਲੀਮੈਂਟ ਇਸ ਮੇਲੇ ਦੇ ਮੁੱਖ ਮਹਿਮਾਨ ਸਨ। ਸ੍ਰੀ ਮੁਖਤਿਆਰ ਸਿੰਘ 'ਜਫਰ' ਦੇ ਢਾਡੀ ਜੱਥੇ ਨੇ ਦੇਸ਼ ਭਗਤੀ ਦੀਆਂ ਵਾਰਾਂ ਗਾ ਕੇ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਸੰਤ ਦਲੀਪ ਸਿੰਘ ਨਾਮਧਾਰੀ ਦੀ ਅਗਵਾਈ ਹੇਠ ਇੱਕ ਜੱਥਾ ਉਚੇਚਾ ਭੈਣੀ ਸਾਹਿਬ ਤੋਂ ਮੇਲੇ ਵਿੱਚ ਹਿੱਸਾ ਲੈਣ ਲਈ ਆਇਆ। ਕਾ. ਸਵਰਨ ਸਿੰਘ ਵਿਰਕ ਜੋ ਕਿ ਹਰਿਆਣੇ ਦੇ ਉੱਘੇ ਕਮਿਊਨਿਸਟ ਕਾਰਕੁਨ ਹਨ ਨੇ ਬਤੌਰ ਨਾਮਧਾਰੀ ਵਿਦਵਾਨ ਮੇਲੇ ਵਿੱਚ ਸ਼ਿਰਕਤ ਕੀਤੀ। ਕਾਮਰੇਡ ਵਿਰਕ ਨੇ ਬੜੀ ਤਫਸੀਲ ਨਾਲ ਨਾਮਧਾਰੀ ਲਹਿਰ ਦਾ ਜ਼ਿਕਰ ਕੀਤਾ ਤੇ ਨਾਮਧਾਰੀਆਂ ਵੱਲੋਂ ਦੇਸ਼ ਦੀ ਅਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ। ਉਚੇਚੇ ਤੌਰ ਤੇ ਸਿਰਸਾ ਤੋਂ ਆਏ ਸ੍ਰੀ ਜੋਗਿੰਦਰ ਸਿੰਘ ਜੀ "ਮੁਕਤਾ" ਨੇ ਆਪਣੀਆਂ ਕਵਿਤਾਵਾਂ ਰਾਹੀਂ ਧਰਮੀ ਯੋਧਿਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਕਾਮਰੇਡ ਬੂਟਾ ਸਿੰਘ ਸਾਬਕਾ ਐਮ. ਐਲ. ਏ. ਨੇ ਭਾਰਤੀ ਕਮਿਊਨਿਸਟ ਪਾਰਟੀ ਦੀ ਨੁਮਾਇੰਦਗੀ ਕੀਤੀ ਤੇ ਅੱਜ ਦੇ ਦੌਰ ਵਿੱਚ ਦੇਸ਼ ਭਗਤਾਂ ਦੇ ਮੇਲਿਆਂ ਦੀ ਲੋੜ ਤੇ ਜ਼ੋਰ ਦਿੱਤਾ। ਸ੍ਰੀ ਬਲਦੇਵ ਸਿੰਘ ਖਿਆਲਾ ਸਾਬਕਾ ਮੰਤਰੀ ਤੇ ਅਕਾਲੀ ਲੀਡਰ ਹੁਰਾਂ ਨੇ ਅੱਜ ਦੀ ਸਿਆਸਤ ਵਿੱਚ ਆਈ ਧੜੇਤ ਦੀ ਗੱਲ ਕੀਤੀ ਤੇ ਧਰਮ ਤੇ ਰਾਜਨੀਤੀ ਨੂੰ ਇਕੱਠਾ ਕਰਨ ਵਾਲਿਆਂ ਦੀ ਆਲੋਚਨਾ ਕੀਤੀ। ਉਹਨਾਂ ਨੇ ਜੋਗਾ ਪਰਿਵਾਰ ਵੱਲੋਂ ਇਹ ਮੇਲਾ ਕਰਵਾਉਣ ਦੇ ਉੱਦਮ ਦੀ ਸ਼ਲਾਘਾ ਕੀਤੀ। ਸ੍ਰੀ ਅਜੀਤ ਇੰਦਰ ਸਿੰਘ ਮੋਫਰ ਸਾਬਕਾ ਐਮ. ਐਲ. ਏ. ਪੰਜਾਬ ਸਰਕਾਰ ਦੇ ਨੁਮਾਇੰਦਾ ਦੇ ਤੌਰ ਤੇ ਇਸ ਮੇਲੇ ਵਿੱਚ ਸ਼ਰੀਕ ਹੋਏ।

ਸਾਰੇ ਬੁਲਾਰਿਆਂ ਨੇ ਨਾਮਧਾਰੀ ਸ਼ਹੀਦਾਂ ਦੀ ਕੁਰਬਾਨੀ ਯਾਦ ਕੀਤੀ ਤੇ ਭਾਰਤ ਦੀ ਅਜ਼ਾਦੀ ਵਿੱਚ ਪਾਏ ਯੋਗਦਾਨ ਦੀ ਪ੍ਰਸੰਸਾ ਕੀਤੀ। ਸਾਰੇ ਬੁਲਾਰਿਆਂ ਨੇ ਜੰਗੀਰ ਸਿੰਘ ਜੋਗਾ ਜੀ ਨੂੰ ਯਾਦ ਕੀਤਾ ਜੋ ਕਿ ਪਿਛਲੇ ਦਿਨੀਂ ਸਵਰਗਵਾਸ ਹੋ ਗਏ ਸਨ। ਉਹਨਾਂ ਨੇ ਕਿਹਾ ਕਿ ਕਾਮਰੇਡ ਜੋਗਾ ਨੂੰ ਸੱਚੀ ਸ਼ਰਧਾਂਜਲੀ ਇਸ ਤਰ੍ਹਾਂ ਦੇ ਮੇਲੇ ਆਯੋਜਿਤ ਕਰਕੇ ਹੀ ਦਿੱਤੀ ਜਾ ਸਕਦੀ ਹੈ। ਪ੍ਰੋ. ਜਗਤਾਰ ਸਿੰਘ ਜੋਗਾ ਨੇ ਜੋਗਾ ਨਿਵਾਸੀਆਂ ਦਾ ਇਸ ਉੱਦਮ ਲਈ ਧੰਨਵਾਦ ਕੀਤਾ ਤੇ ਜੋਗਾ ਨਾਲ ਆਪਣੀ ਪ੍ਰੋੜਤਾ ਦਾ ਜ਼ਿਕਰ ਕੀਤਾ।

ਲੋਕ ਕਲਾ ਮੰਚ, ਮਾਨਸਾ ਵੱਲੋਂ ਪ੍ਰੋ. ਅਜਮੇਰ ਸਿੰਘ ਔਲਖ ਦੀ ਅਗਵਾਈ ਹੇਠ ਦੋ ਨਾਟਕ "ਕਲਖ ਹਨੇਰੇ" ਤੇ "ਸੂਰਜਾਂ ਦੇ ਹਮਰਾਹੀ" ਖੇਡੇ ਗਏ। ਪ੍ਰੋ. ਔਲਖ ਵੱਲੋਂ ਇਹ ਨਾਟਕ ਆਮ ਲੋਕਾਂ ਦੀ ਜ਼ਿੰਦਗੀ ਬਾਰੇ ਤੇ ਸਮੱਸਿਆਵਾਂ ਬਾਰੇ ਖੇਡੇ ਗਏ। ਇਲਾਕੇ ਦੀ ਸੰਗਤ ਵੱਲੋਂ ਇਹਨਾਂ ਨਾਟਕਾਂ ਦੀ ਖੂਬ ਪ੍ਰਸੰਸਾ ਕੀਤੀ ਗਈ। ਡਿਪਟੀ ਕਮਿਸ਼ਨਰ ਮਾਨਸਾ ਵੱਲੋਂ ਭਵਿੱਖ ਵਿੱਚ ਮਾਨਸਾ ਵਿੱਚ ਉਸਾਰੇ ਜਾਣ ਬਾਰੇ ਕਲਚਰਲ ਸੈਂਟਰ ਦਾ ਨਾਮ

"ਪਰਜਾ ਮੰਡਲ ਭਵਨ" ਰੱਖਣ ਦੀ ਗੱਲ ਕੀਤੀ। ਕਾ. ਭੌਰਾ ਨੇ ਪਿੰਡ ਜੋਗਾ ਵਿਖੇ ਉਸਾਰੀ ਜਾਣ ਵਾਲੀ ਜੋਗਾ ਦੀ ਯਾਦਗਾਰ ਲਈ ਪੰਜ ਲੱਖ ਰੁਪਏ ਤੇ "ਪਰਜਾ ਮੰਡਲ ਭਵਨ" ਲਈ ਢਾਈ ਲੱਖ ਰੁਪਏ ਦੀ ਗ੍ਰਾਂਟ ਦਾ ਐਲਾਨ ਕੀਤਾ। ਡਾਕਟਰ ਹਰਮੰਦਰਜੀਤ ਕੌਰ ਜੋਗਾ ਜਿਹਨਾਂ ਦੀ ਅਣਥੱਕ ਮਿਹਨਤ ਤੇ ਲਗਨ ਦੀ ਬਦੌਲਤ ਇਹ ਮੇਲਾ ਪੰਜ ਸਾਲਾਂ ਦਾ ਹੋ ਗਿਆ ਹੈ ਨੇ ਸਟੇਜ ਸਕੱਤਰੀ ਦਾ ਫਰਜ਼ ਨਿਭਾਇਆ। ਉਹਨਾਂ ਨੇ ਸਰਕਾਰ ਤੇ ਸਿਆਸੀ ਪਾਰਟੀਆਂ ਨੂੰ ਇਸ ਤਰ੍ਹਾਂ ਦੇ ਮੇਲੇ ਪਿੰਡ-ਪਿੰਡ ਕਰਵਾਉਣ ਦੀ ਬੇਨਤੀ ਕੀਤੀ। ਸ੍ਰੀ ਗੁਰਜੰਟ ਸਿੰਘ ਸਰਪੰਚ ਪਿੰਡ ਜੋਗਾ ਨੇ ਆਏ ਸੱਜਣਾਂ ਦਾ ਧੰਨਵਾਦ ਕੀਤਾ।

ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਹਰਬਲਭ ਸੰਗੀਤ ਸੰਮੇਲਨ ਨੂੰ ਆਸ਼ੀਰਵਾਦ

ਹਰਬਲਭ ਸੰਗੀਤ ਸੰਮੇਲਨ ਉਤਰੀ ਭਾਰਤ ਦਾ ਪ੍ਰਮੁੱਖ ਸੰਗੀਤ ਸੰਮੇਲਨ ਹੈ ਜਿਥੇ ਸ਼ਾਸਤ੍ਰੀ ਰਾਗਾਂ ਤੇ ਆਧਾਰਤ ਹੀ ਸੰਗੀਤ ਹੁੰਦਾ ਹੈ। ਗਾਇਨ ਅਤੇ ਵਾਦਨ ਦੀਆਂ ਵੱਖ ਵੱਖ ਸ਼ੈਲੀਆਂ ਦਾ ਪ੍ਰਦਰਸ਼ਨ ਧੁਰੰਤਰ ਵਿਦਵਾਨ ਕਰਦੇ ਹਨ। ਇਸ ਸੰਮੇਲਨ ਵਿੱਚ ਨਾਮਧਾਰੀ ਸੰਗਤਾਂ ਵੀ ਹੁਮਹੁਮਾ ਕੇ ਪੁਜਦੀਆਂ ਹਨ। ਇਹ ਨਾਮਧਾਰੀ ਕਲਾਕਾਰ ਪ੍ਰੋਗਰਾਮ ਪੇਸ਼ ਕਰਨ ਵਾਲੇ ਅਤੇ ਸ੍ਰੋਤਿਆਂ ਦੇ ਰੂਪ ਵਿੱਚ ਵੀ ਹੁੰਦੇ ਹਨ। ਵੱਡੇ ਕਲਾਕਾਰਾਂ ਦੇ ਸਹਾਇਕ ਵੀ ਅਤੇ ਨੌਜੁਆਨਾਂ ਦੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲੇ ਵੀ। ਇਹ ਸਾਰੇ ਦਿਨ ਹੀ ਇਥੇ ਰਹਿੰਦੇ ਹਨ। ਸੰਮੇਲਨ ਵਿੱਚ ਇਹਨਾਂ ਦੀ ਭਰਪੂਰ ਹਾਜ਼ਰੀ ਦੇਖੀ ਜਾ ਸਕਦੀ ਹੈ। ਇਹਨਾਂ 'ਚੋਂ ਭਾਰਤ ਤੋਂ ਇਲਾਵਾ ਵਿਦੇਸ਼ਾਂ 'ਚੋਂ ਵੀ ਆਉਂਦੇ ਹਨ, ਜਿਨ੍ਹਾਂ ਵਿਚੋਂ ਕੁਝ ਤਾਂ ਸੰਗੀਤ ਜਗਤ ਵਿੱਚ ਪ੍ਰਮੁੱਖ ਨਾਮ ਹਨ।

ਨਾਮਧਾਰੀ ਜਗਤ ਦੇ ਮੁਖੀ ਸਤਿਗੁਰੂ ਜਗਜੀਤ ਸਿੰਘ ਜੀ ਆਪ ਸੰਗੀਤ ਦੇ ਮਹਾਨ ਸਰਪ੍ਰਸਤ ਹਨ। ਉਹ ਆਪ ਖੁਦ ਕਲਾਕਾਰ ਹਨ। ਧਰੁਪਦ ਧਮਾਰ ਸ਼ੈਲੀ ਦੇ ਵਿਦਵਾਨ ਗਾਇਕ, ਦਿਲਰੁਬਾ ਸਾਜ਼ ਦੇ ਪ੍ਰਮੁੱਖ ਵਾਦਕ ਅਤੇ ਸ਼ਾਸਤ੍ਰੀ ਸੰਗੀਤ ਦੇ ਸਮਰਥਕ ਅਤੇ ਪਰਚਾਰਕ। ਸਤਿਗੁਰੂ ਜਗਜੀਤ ਸਿੰਘ ਜੀ ਨੇ ਦੇਸ਼ ਅਤੇ ਵਿਦੇਸ਼ ਵਿੱਚ ਅਨੇਕਾਂ ਸੰਗੀਤ ਸਮਾਰੋਹ ਕਰਵਾਏ ਹਨ, ਜਿਨ੍ਹਾਂ ਵਿੱਚ ਪ੍ਰਸਿੱਧ ਕਲਾਕਾਰਾਂ ਨੇ ਭਾਗ ਲਿਆ। ਸਤਿਗੁਰੂ ਜੀ ਨੇ ਪਰਿਵਾਰਾਂ ਦੇ ਪਰਿਵਾਰ ਸੰਗੀਤ ਕਲਾ ਵਲ ਲਾਏ ਹਨ। ਨਾਮਧਾਰੀ ਬੱਚਿਆਂ ਨੂੰ ਆਪ ਸੰਗੀਤ ਸਿਖਾਇਆ ਅਤੇ ਉਹਨਾ ਨੂੰ ਭਾਰਤ ਦੇ ਚੋਟੀ ਦੇ ਸੰਗੀਤਕਾਰਾਂ ਕੋਲ ਭੇਜ ਕੇ ਸੰਗੀਤ ਗੁਣ ਇਕੱਠਾ ਕੀਤਾ ਹੈ। ਅੱਜ ਭਾਰਤ ਦੇ ਸਭ ਮਹਾਨ ਕਲਾਕਾਰਾਂ ਦੀ ਕਲਾ ਸ਼ੈਲੀ ਭੈਣੀ ਸਾਹਿਬ ਦੇ ਇਹਨਾਂ ਨਾਮਧਾਰੀ ਕਲਾਕਾਰਾਂ ਕੋਲ ਸੁਰੱਖਿਅਤ ਹੈ। ਵੱਡੇ ਵੱਡੇ ਕਲਾਕਾਰ ਵੀ ਜਦੋਂ ਸਮਾਂ ਮਿਲੇ ਸ੍ਰੀ ਭੈਣੀ ਸਾਹਿਬ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਕੋਲ ਆਪਣੀ ਹਾਜ਼ਰੀ ਜ਼ਰੂਰ ਲਵਾਉਂਦੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਦਾਇਰੇ ਤੋਂ ਬਾਹਰ ਵਾਲੇ ਕਲਾ ਅਭਿਲਾਖੀਆਂ ਅਤੇ ਸੰਗੀਤ ਸੰਯੋਜਕਾਂ ਦੀ ਵੀ ਖੁਲ੍ਹੇ ਦਿਲ ਮਦਦ ਕੀਤੀ ਹੈ। ਹਰਬਲਭ ਸੰਗੀਤ ਮਹਾਂ ਸਭਾ ਨੂੰ ਵੀ ਆਪ ਹਰ ਸਾਲ ਭਰਪੂਰ ਮਾਇਕ ਸਹਾਇਤਾ ਵੀ ਦਿੰਦੇ ਹਨ ਅਤੇ ਇਥੇ ਸਮਾਗਮ ਵਿੱਚ ਵੀ ਦਰਸ਼ਨ ਦਿੰਦੇ ਰਹੇ ਹਨ। ਹਰਬਲਭ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਉਤਕ੍ਰਿਸ਼ਟ ਹਸਤੀ ਨੂੰ ਸੰਗੀਤ ਸੇਵਾ ਲਈ ਵਿਸ਼ੇਸ਼ ਸਨਮਾਨ ਦੇਣ ਦਾ ਫੈਸਲਾ ਹੋਇਆ ਤਾਂ ਇਹ ਬੜੀ ਸ਼ਰਧਾ ਸਹਿਤ ੨੨ ਦਸੰਬਰ ੧੯੯੫ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹੀ ਭੇਟ ਕੀਤਾ ਗਿਆ। ਸਨਮਾਨ ਚਿੰਨ੍ਹ ਵਿੱਚ ਇਕ ਚਾਂਦੀ ਦੀ ਤਸ਼ਤਰੀ, ਸ਼ਾਲ ਤੇ ਹੋਰ ਸਨਮਾਨ ਸਮਗਰੀ ਸ਼ਾਮਲ ਸੀ।

ਇਸ ਵੇਲੇ ਸਤਿਗੁਰੂ ਜਗਜੀਤ ਸਿੰਘ ਜੀ ਹਰਬਲਭ ਸੰਗੀਤ ਸੰਮੇਲਨ ਦੇ ਪ੍ਰਮੁੱਖ ਸਰਪ੍ਰਸਤ ਹਨ। ਬਾਬਾ ਹਰਬਲਭ ਸੰਗੀਤ ਮਹਾਂ ਸਭਾ ਆਪ ਜੀ ਦੇ ਇਸ ਸਹਿਯੋਗ ਨੂੰ ਸਦਾ ਹੀ ਮਾਨਤਾ ਦਿੰਦੀ ਹੈ ਅਤੇ ਆਭਾਰ ਪ੍ਰਗਟ ਕਰਦੀ ਹੈ। ਇਸ ਵਾਰ ਵੀ ਸਤਿਗੁਰੂ ਜੀ ਨੂੰ ਮਹਾਂ ਸਭਾ ਵਲੋਂ ਵਿਸ਼ੇਸ਼ ਸਨਮਾਨ ਚਿੰਨ੍ਹ ਅਰਪਿਤ ਕੀਤਾ ਗਿਆ, ਜੋ ਸਤਿਗੁਰੂ ਜੀ ਦੇ ਵਿਸ਼ੇਸ਼ ਪ੍ਰਤੀਨਿਧ ਸ. ਜਗਦੀਸ਼ ਸਿੰਘ ਵਰਿਆਮ (ਸੰਪਾਦਕ ਵਰਿਆਮ) ਹੋਰਾਂ ਪ੍ਰਾਪਤ ਕੀਤਾ। ਵਰਿਆਮ ਜੀ ਨੇ ਸਤਿਗੁਰੂ ਜੀ ਵਲੋਂ ਇਕ ਲੱਖ ਰੁਪਏ ਸਹਾਇਤਾ ਦਾ ਵੀ ਐਲਾਨ ਕੀਤਾ ਅਤੇ ਸਤਿਗੁਰੂ ਜੀ ਵਲੋਂ ਹਰਬਲਭ ਸੰਮੇਲਨ ਦੇ ਆਯੋਜਕਾਂ ਨੂੰ ਆਸ਼ੀਰਵਾਦ ਦਾ ਸੁਨੇਹਾ ਵੀ ਦਿਤਾ। *—ਬਲਦੇਵ ਮਾਧੋਪੁਰੀ*

ਰਾਮ ਭਾਊ ਬਿਗਾੜੇ

ਰਾਮ ਭਾਊ ਬਿਗਾੜੇ ਦਾ ਪੂਰਾ ਨਾਮ ਹੈ ਰਾਮ ਕ੍ਰਿਸ਼ਨ ਜਗਨ ਨਾਥ ਬਗਾੜੇ। ਉਹ ਮਹਾਂਰਾਸ਼ਟਰ ਦੇ ਹਨ ਅਤੇ ਸੰਤ ਪੁਰਸ਼ ਹਨ। ਉਹ ਵੈਦ ਵੀ ਹਨ। ਉਹ "ਸੰਤ ਸ਼੍ਰੋਮਣੀ ਨਾਮਦੇਵ ਮਹਾਰਾਜ ਭਗਤੀ ਸੰਪ੍ਰਦਾਇ ਸੰਘ" ਦੇ ਪ੍ਰਧਾਨ ਹਨ ਅਤੇ ਪੁਣੇ

ਸ਼ਹਿਰ ਵਿੱਚ ਨਿਵਾਸ ਰੱਖਦੇ ਹਨ ਪਰ ਉਹ ਸਦਾ ਸਫ਼ਰ ਤੇ ਹੀ ਰਹਿੰਦੇ ਹਨ। ਉਹ ਪਰਮ ਵਿਦਵਾਨ ਹਨ। ਭਗਤ ਨਾਮਦੇਵ ਜੀ ਮਹਾਰਾਜ ਨਮਿਤ ਘੁਮਾਣ ਪਿੰਡ ਵਿਚ ਉਹਨਾਂ ਦੇ ਦੇਹੁਰੇ ਤੇ ਜੋ ਕਈ ਦਿਨ ਸਮਾਗਮ ਚਲਿਆ ਸੀ, ਉਹ ਉੱਥੇ ਵੀ ਵਿਸ਼ੇਸ਼ ਤੌਰ ਤੇ ਆਏ ਸਨ। ਇਸ ਸਮਾਗਮ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਪਧਾਰੇ ਸਨ ਅਤੇ ਬਾਬਾ ਨਾਮਦੇਵ ਜੀ ਦੇ ਪੈਰੋਕਾਰਾਂ ਵੱਲੋਂ ਮਨਾਏ ਜਾ ਰਹੇ ਸਮਾਗਮ ਦੀਆਂ ਰੌਣਕਾਂ ਨੂੰ ਹੋਰ ਵੀ ਦੇਵੀ ਚਮਕ ਦਿੱਤੀ ਸੀ। ਕੀਰਤਨ ਪ੍ਰਵਚਨ ਵੀ ਉੱਥੇ ਪ੍ਰਭਾਵਸ਼ਾਲੀ ਹੋਏ ਸਨ।

ਸ੍ਰੀ ਰਾਮ ਭਾਊ ਬਿਗਾੜੇ ਦੇ ਦਰਸ਼ਨ ਇਕ ਵਾਰ ਜਲੰਧਰ ਦੇ ਸ੍ਰੀ ਨਾਮਦੇਵ ਭਵਨ ਵਿੱਚ ਵੀ ਹੋਏ। ਇਹ ਭਵਨ ਪੰਜਾਬ ਦੇ ਬਾਬਾ ਨਾਮਦੇਵ ਜੀ ਦੇ ਪੈਰੋਕਾਰਾਂ ਦੀ ਸ਼ਾਨ ਹੈ। ਸ. ਅਵਤਾਰ ਸਿੰਘ ਧਾਮੀ ਪ੍ਰਧਾਨ ਸ੍ਰੀ ਚਮਨ ਲਾਲ ਲੱਕੀ ਅਤੇ ਉਹਨਾਂ ਦੇ ਸਹਿਯੋਗੀਆਂ ਸਦਕਾ ਹੀ ਬਾਬਾ ਨਾਮਦੇਵ ਜੀ ਦੇ ਉਦੇਸ਼ ਤੇ ਪਹਿਰਾ ਦੇਣ ਲਈ ਸਰਗਰਮ ਰਹਿੰਦੇ ਹਨ। ਮਹਾਂਰਾਸ਼ਟਰ ਅਤੇ ਪੰਜਾਬ ਦੇ ਮਹਾਂਪੁਰਸ਼ਾਂ ਦਾ ਆਦਾਨ ਪ੍ਰਦਾਨ ਜਾਰੀ ਹੀ ਰਹਿੰਦਾ ਹੈ। ਵੱਡੇ-ਵੱਡੇ ਜੱਥੇ ਮਹਾਂਰਾਸ਼ਟਰ ਤੋਂ ਪੰਜਾਬ ਅਤੇ ਪੰਜਾਬ ਤੋਂ ਮਹਾਂਰਾਸ਼ਟਰ ਦੀ ਯਾਤਰਾ ਤੇ ਆਂਦੇ ਜਾਂਦੇ ਅਤੇ ਸਹਿਯੋਗ ਵਿੱਚ ਵਿਅਸਤ ਰਹਿੰਦੇ ਹਨ। ਇਹ ਬਹੁਤ ਪਿਆਰੇ, ਮਿਲਾਪੜੇ ਅਤੇ ਸਹਿਯੋਗੀ ਪੁਰਸ਼ ਹਨ। ਸਾਡੇ ਪੰਜਾਬ ਵਾਲੇ ਮਿੱਤਰਾਂ ਨੇ ਬਾਬਾ ਨਾਮਦੇਵ ਜੀ ਦੇ ਇਕ ਸ਼ਬਦ ਦੀ ਤੁੱਕ ਦੇ ਨਾਂਅ ਤੇ ਇਕ ਪਰਚਾ ਵੀ ਜਾਰੀ ਕੀਤਾ ਹੋਇਆ ਹੈ ਜਿਸਦਾ ਨਾਮ ਹੈ "ਖੁਸ਼ਖ਼ਬਰੀ" ਜੋ ਬਾਬਾ ਨਾਮਦੇਵ ਜੀ ਦੇ ਭਗਤੀ ਭਾਵ, ਸਿਮਰਣ, ਸੇਵਾ ਅਤੇ ਮਾਨਵੀ ਏਕਤਾ ਦਾ ਪ੍ਰਚਾਰ ਕਰਦਾ ਹੈ।

ਰੋਜ਼ ਤਿੰਨ ਕਿਲੋ ਬਰਫ਼ ਖਾਂਦੀ ਹੈ

'ਬਰਫ਼ ਵਾਲੀ ਦਾਦੀ'

ਹਿਸਾਰ, ੨ ਜਨਵਰੀ (ਯੂ.ਐਨ.ਆਈ.)—ਭਾਵੇਂ ਕੜਾਕੇ ਦੀ ਠੰਢ ਨੇ ਸਾਰਿਆਂ ਨੂੰ ਠੁਰ ਠੁਰ ਕਰਨ ਲਾਇਆ ਹੋਇਆ ਹੈ, ਪਰ ਹਰਿਆਣਾ ਦੀ ਇਕ ਮਾਈ ਹਰ ਰੋਜ਼ ਘੱਟੋ ਘੱਟ ਤਿੰਨ ਕਿਲੋ ਬਰਫ ਖਾਂਦੀ ਹੈ!

ਭਿਵਾਨੀ ਦੀ ਰਹਿਣ ਵਾਲੀ ੯੧ ਸਾਲਾ ਸ਼ਾਂਤੀ ਦੇਵੀ ਨੂੰ ਸ਼ਹਿਰ ਵਾਲੇ ਬਹੁਤਾ ਕਰਕੇ 'ਬਰਫ਼ ਵਾਲੀ ਦਾਦੀ' ਵਜੋਂ ਜਾਣਦੇ ਹਨ। ਅੱਜ ਤੋਂ ਲਗਪਗ ੧੫ ਕੁ ਸਾਲ ਪਹਿਲਾਂ ਜਦੋਂ ਇਕ ਵਾਰ ਉਹਦੇ ਢਿੱਡ 'ਚ ਬਹੁਤ ਦਰਦ ਹੋਇਆ ਤਾਂ ਉਹਨੂੰ ਕਿਸੇ ਨੇ ਬਰਫ ਖਾਣ ਤੇ ਇਹਦੀ ਟਕੋਰ ਕਰਨ ਦੀ ਸਲਾਹ ਦਿੱਤੀ ਸੀ।

ਬਰਫ਼ ਵਰਤਣ ਨਾਲ ਉਹਦੀ ਢਿੱਡ ਪੀੜ ਹਟ ਗਈ ਤੇ ਉਦੋਂ ਤੋਂ ਹੀ ਉਹਨੇ ਬਰਫ ਨੂੰ ਆਪਣੇ ਖਾਣ-ਪੀਣ ਵਿੱਚ ਸ਼ੁਮਾਰ ਕੀਤਾ ਹੋਇਆ ਹੈ। ਗਰਮੀ ਹੋਵੇ, ਸਰਦੀ, ਮੀਂਹ ਜਾਵੇ ਹਨੇਰੀ ਜਾਵੇ, ਸ਼ਾਂਤੀ ਦੇਵੀ ਨੂੰ ਬਰਫ ਖਾਧੇ ਬਿਨਾਂ ਨੀਂਦ ਨਹੀਂ ਆਉਂਦੀ। ਇਹ ਮਾਈ ਖੁਦ ਦੱਸਦੀ ਹੈ ਕਿ ਉਹ ਪਿਛਲੇ ੧੫ ਸਾਲਾਂ ਤੋਂ ਹਰ ਰੋਜ਼ ਬਰਫ਼ ਖਾ ਰਹੀ ਹੈ। ਗਰਮੀਆਂ ਦੇ ਦਿਨਾਂ ਵਿੱਚ ੮ ਤੋਂ ੧੦ ਕਿਲੋ ਬਰਫ ਖਾ ਲੈਂਦੀ ਹੈ ; ਪਰ ਅੱਜ ਕਲ੍ਹ ਡਾਕਟਰ ਵਲੋਂ ਮਨ੍ਹਾ ਕੀਤੇ ਜਾਣ ਕਾਰਨ ਦੋ ਤਿੰਨ ਕਿਲੋ ਬਰਫ ਹੀ ਖਾਂਦੀ ਹੈ।

ਸ਼ਾਂਤੀ ਦੇਵੀ ਦਾ ਨਿੱਤਨੇਮ ਬਰਫ ਖਾਣ ਨਾਲ ਸ਼ੁਰੂ ਹੁੰਦਾ ਹੈ ਤੇ ਰਾਤ ਪੈਣ ਤੱਕ ਉਹ ਦੋ ਤਿੰਨ ਕਿਲੋ ਬਰਫ ਡਕਾਰ ਚੁੱਕੀ ਹੁੰਦੀ ਹੈ। ਉਹਦਾ ਪੁੱਤਰ ਬਦਲੂ ਰਾਮ ਦੱਸਦਾ ਹੈ ਕਿ ਸ਼ੁਰੂ-ਸ਼ੁਰੂ ਵਿੱਚ ਉਹਨੂੰ ਹਰ ਰੋਜ਼ ਏਨੀ ਬਰਫ ਦਾ ਜੁਗਾੜ ਕਰਨਾ ਔਖਾ ਹੋ ਜਾਂਦਾ ਸੀ, ਪਰ ਫਿਰ ਗੁਆਂਢੀ ਆਪਣੇ ਆਪਣੇ ਫਰਿੱਜਾਂ ਵਿੱਚੋਂ ਬਰਫ ਦੇ ਕੇ ਉਹਦੀ ਮਦਦ ਕਰਨ ਲੱਗ ਪਏ। ਬਿਜਲੀ ਦੇ ਕੱਟ ਲੱਗਣ 'ਤੇ ਬਦਲੂ ਰਾਮ ਲਈ ਪੰਗਾ ਖੜ੍ਹਾ ਹੋ ਜਾਂਦਾ ਹੈ।

ਅੱਜ ਕਲ੍ਹ ਡਾਕਟਰਾਂ ਨੇ ਵਡੇਰੀ ਉਮਰ ਹੋਣ ਕਾਰਨ ਸ਼ਾਂਤੀ ਦੇਵੀ ਨੂੰ ਘੱਟ ਬਰਫ ਖਾਣ ਦੀ ਸਲਾਹ ਦਿੱਤੀ ਹੈ।

(ਟ੍ਰਿਬਿਊਨ ੩-੧-੦੩)

ਮਾਤਾ ਬਾਲ ਕੌਰ

'ਸੇਵਕ ਦੀ ਓੜਕ ਨਿਭੀ ਪ੍ਰੀਤ' ਦੇ ਮਹਾਂਵਾਕਾਂ ਅਨੁਸਾਰ ਮਾਤਾ ਬਾਲ ਕੌਰ ਧਰਮ ਪਤਨੀ ਸਰਵ ਸ੍ਰੀ ਕਪੂਰ ਸਿੰਘ ਗਜਰਾਥ ਜੋ ਕਿ ੧੪ ਪੋਹ (੨੮-੧੨-੦੨) ਨੂੰ ਸੰਸਾਰਕ ਯਾਤਰਾ ਪੂਰੀ ਕਰਕੇ ਸ੍ਰੀ ਸਤਿਗੁਰੂ ਦੇ ਚਰਨਾਂ 'ਚ ਜਾ ਬਿਰਾਜੇ। ਕੁਦਰਤ ਦੇ ਨੇਮ ਅਨੁਸਾਰ ਇਸ ਦੁਨੀਆਂ ਤੋਂ ਚਲੇ ਜਾਣਾ ਵੀ ਇਕ ਅਟਲ ਸੱਚਾਈ ਹੈ। ਗਜਰਾਥ ਪਰਿਵਾਰ ਨੂੰ ਭਾਰੀ ਸਦਮਾ ਪੁਜਾ। ਮਾਤਾ ਬਾਲ ਕੌਰ ੮ ਦਹਾਕਿਆਂ ਦੀ ਬਹਾਰ ਮਾਣ ਕੇ ਆਪ ਤਾਂ ਚਲੇ ਗਏ, ਪਿਛੇ ਪਰਿਵਾਰ 'ਚ ਦੋ ਪੁੱਤਰ ਇਕ ਧੀ ਛੱਡ ਗਏ। ੪੭ ਦੀ ਵੰਡ ਤੋਂ ਬਾਅਦ ਇਹ ਗਜਰਾਥ ਪਰਿਵਾਰ ਅੰਮ੍ਰਿਤਸਰ ਕਲਾਂ (ਸਿਰਸਾ) ਹਰਿਆਣਾ ਵਿਚ ਘੱਗਰ ਨਦੀ ਦੇ ਕੰਢੇ ਵਸਦਾ ਇਹ ਪਿੰਡ ਸ੍ਰੀ ਜੀਵਨਨਗਰ ਮਸਤਾਨਗੜ੍ਹ ਕੋਲ ਹੈ। ਸ. ਹਜਾਰਾ ਸਿੰਘ ਮਦਾਰ ਵਾਲੇ ਦੀ ਧੀ ਸ. ਨਿਹਾਲ ਸਿੰਘ ਗਜਰਾਥ ਦੀ ਨੂੰਹ ਬਾਲ ਕੌਰ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਦੇਸ਼ ਦਾ ਸਦਾ ਪਾਲਣ ਕੀਤਾ। ੧੦ ਸਾਲ ਦੀ ਉਮਰ ਵਿਚ ਸੋਧ ਰਖ ਲਈ। ਸੋਧ ਦੀ ਦਾਤ ਇਸਨੂੰ ਨਾਨਕੀ ਵਿਰਸੇ ਵਿਚੋਂ ਮਿਲੀ। ਬਾਲ ਕੌਰ ਦੀ

ਮਾਤਾ ਹਰਨਾਮ ਕੌਰ ਮਦਾਰ ਵਾਲੀ, ਹਰਨਮ ਕੌਰ ਦੀ ਮਾਤਾ ਹਰ ਕੌਰ ਖਾਰੇ ਵਾਲੀ ਹਰਨਾਮ ਕੌਰ ਤਿੰਨ ਬੱਚੇ ਛੱਡਕੇ ਜਵਾਨੀ ਵਿਚ ਹੀ ਚਲੀ ਗਈ। ਹਰਨਾਮ ਕੌਰ ਦੀ ਮੌਤ ਦੀ ਖਬਰ ਸ੍ਰੀ ਭੈਣੀ ਸਾਹਿਬ ਪਹੁੰਚੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਗੰਭੀਰ ਹੋ ਕੇ ਕਿਹਾ ਹਰਨਾਮ ਕੌਰ ਦੇ ਜਾਣ ਨਾਲ ਮਦਾਰ ਦਾ ਥੰਮ ਟੁੱਟ ਗਿਆ। ਮਾਤਾ ਬਾਲ ਕੌਰ ਨੇ ੧੦ ਸਾਲ ਦੀ ਉਮਰ ਵਿਚ ਸੋਧ ਰੱਖ ਲਈ ੧੪ ਸਾਲ ਦੀ ਉਮਰ ਵਿਚ ਗਜਰਾਖ ਸ. ਕਪੂਰ ਸਿੰਘ ਨਾਲ ਅਨੰਦ ਕਾਰਜ ਹੋ ਗਿਆ।

ਸੁਚ ਸੋਧ ਦੇ ਨਾਲ ਨਾਮ ਸਿਮਰਨ ਗੁਰਬਾਣੀ ਦਾ ਸ਼ੁਧ ਪਾਠ, ਆਸਾ ਦੀ ਵਾਰ, ਕਥਾ ਕੀਰਤਨ, ਦੋਵੇਂ ਵਕਤ ਗੁਰਦੁਆਰੇ ਜਾਣ ਦੇ ਨਿਯਮ ਦਾ ਵੀ ਪਾਲਣ ਕੀਤਾ। ਸਾਧਾਂ ਸੰਤਾਂ ਨੂੰ ਘਰ ਲਿਜਾ ਕੇ ਅੰਨ ਪਾਣੀ ਦੀ ਸੇਵਾ ਨੂੰ ਆਪਣੀ ਖੁਸ਼ਕਿਸਮਤ ਸਮਝਣੀ ਨਾਲੇ ਧੰਨ ਭਾਗ ਸਮਝਣੇ। ਉਨ੍ਹਾਂ ਅੱਗੇ ਅਰਜ਼ ਕਰਕੇ ਸਾਰੇ ਟੱਬਰ ਨੂੰ ਕੋਲ ਬਿਠਾ ਕੇ ਗੁਰੂ ਘਰ ਦੇ ਪੁਰਾਣਿਆਂ ਸਿੱਖਾਂ ਦੀਆਂ ਸਾਖੀਆਂ ਸੁਣਨੀਆਂ ਇਹ ਉਹਨਾਂ ਦਾ ਹਮੇਸ਼ਾਂ ਲਈ ਕਰਤੱਵ ਸੀ। ਲਗਾਤਾਰ ੬੨ ਸਾਲ ਸੋਧ ਰੱਖੀ। ਸੋਧੀ ਤੋਂ ਬਿਨਾਂ ਕਿਸੇ ਘਰ ਦਾ ਅੰਨ ਪਾਣੀ ਨਹੀਂ ਛਕਿਆ। ਇਹ ਉਹਨਾਂ ਦਾ ਪੱਕਾ ਪ੍ਰਣ ਸੀ। ਸਵ: ਸ੍ਰੀ ਕਪੂਰ ਸਿੰਘ ਦੇ ਭੋਗ ਸਮੇਂ ਆਪਣੇ ਪਰਿਵਾਰ ਸੰਗ ਇਕ ਹੀ ਮੰਗ ਮੰਗੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ 'ਚ ਖਲੋ ਕੇ—"ਸੱਚੇ ਪਾਤਸ਼ਾਹ ਅਸੀਂ ਸਦਾ ਤੇਰੇ ਬਣੇ ਰਹੀਏ। ਘਰ ਵਿਚ ਗੁਰਸਿੱਖੀ ਰਵੇ।" ਗਰੀਬ ਨਿਵਾਜ ਫੁਰਮਾਇਆ—"ਕੋਈ ਪੁੱਤ ਦੁੱਧ ਮੰਗਦੇ, ਕੋਈ ਮਾਇਆ ਮੰਗਦੇ : ਬੀਬੀ ਬਾਲ ਕੌਰ ਨੇ ਗੁਰਸਿੱਖੀ ਮੰਗੀ ਏ। ਕਿੰਨੀ ਵਧੀਆ ਗੱਲ ਹੈ ਸਾਨੂੰ ਸਾਰਿਆਂ ਹੀ ਇਸ ਤਰ੍ਹਾਂ ਮੰਗ ਮੰਗਣ ਦੀ ਜਾਚ ਸਿੱਖਣੀ ਚਾਹੀਦੀ ਹੈ।" ਬਾਲ ਕੌਰ ਵਿਚ ਨਿਮਰਤਾ, ਸਾਦਗੀ ਮਿੱਠਾ ਬੋਲਣਾ, ਸੰਜਮ 'ਚ ਰਹਿਣਾ ਹੋਰ ਵੀ ਬਹੁਤ ਗੁਣ ਸਨ। ਸਿੱਖੀ ਵਿਚ ਸਾਰੀ ਉਮਰ ਦ੍ਰਿੜ ਵਿਸ਼ਵਾਸ ਰੱਖਿਆ ਤੇ ਅੰਤ ਸਮੇਂ ਤੱਕ ਹਰਦਮ ਹਰ ਸਮੇਂ ਅਰਦਾਸ ਦਾ ਹੀ ਸਹਾਰਾ ਲਿਆ।

ਸੰਤਾਨ ਉੱਤੇ ਵੀ ਮਾਤਾ ਬਾਲ ਕੌਰ ਦਾ ਬਹੁਤ ਅਸਰ ਸੀ। ਤਿੰਨ ਬੱਚੇ ਸ. ਬਲਦੇਵ ਸਿੰਘ, ਬੱਲੀ ਸਿੰਘ ਤੇ ਬੀਬੀ ਸਿੰਦਰ ਕੌਰ। ਸ. ਬਲਦੇਵ ਸਿੰਘ ਸਾਬਕ ਸਰਪੰਚ ੧੪ ਸਾਲ ਗੁਰੂ ਘਰ ਦੀ ਸੇਵਾ ਕੀਤੀ। ਜਿਨ੍ਹਾਂ ਦੇ ਸਿਰ ਤੇ ਗੁਰੂ ਜਗਜੀਤ ਸਿੰਘ ਦਾ ਮਿਹਰ ਭਰਿਆ ਹੱਥ ਸਦਾ ਰਿਹਾ। ਬਲਦੇਵ ਸਿੰਘ ਅੰਦਰ ਸੱਚੇ ਪਾਤਸ਼ਾਹ ਦੀ ਅਥਾਹ ਸ਼ਰਧਾ ਹੈ। ਬਲਦੇਵ ਸਿੰਘ ਰਾਜਨੀਤਿਕ, ਸਮਾਜ ਸੇਵੀ, ਸਾਹਿਤਕਾਰ ਤੇ ਗਾਇਕ ਵੀ ਹੈ। ਛੋਟਾ ਬਲੀ ਸਿੰਘ ਸੰਤ ਸੁਭਾ, ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲਾ, ਸੰਜਮ ਨਾਲ ਬੋਲਣਾ, ਗੁਰਸਿੱਖੀ ਧਾਰਨੀ ਸਤਿਗੁਰੂ ਜੀ ਦੇ ਚਰਨਾਂ ਦਾ ਭੌਰਾ ਵੀ ਹੈ। ਬੀਬੀ ਸਿੰਦਰ ਕੌਰ ਸੋ ਸਿਖੀ ਵਿਚ ਪ੍ਰਪੱਕ ਗੁਰ ਘਰ ਤੇ ਨਿਸ਼ਚਾ ਰੱਖਣ ਵਾਲੀ ਹੈ।

ਸਮਾਜ ਵਿਚ ਰਿਸ਼ਤੇਦਾਰਾਂ ਵਿਚ ਬਾਲ ਕੌਰ ਨੇ ਵਿਚਰ ਕੇ ਜੱਸ ਹੀ ਖਟਿਆ। ਪੋਤੇ ਪੋਤਰੀਆਂ ਵੀ ਇਸੇ ਲਾਈਨ ਵਿਚ ਹਨ। ਸੱਚੇ ਪਾਤਸ਼ਾਹ ਇਹਨਾਂ ਨੂੰ ਗੁਰਸਿੱਖੀ ਤੇ ਭਾਣਾ ਮੰਨਣ ਦਾ ਬਲ ਬਖਸ਼ਣ।

—ਗੁਰਦਿਆਲ ਸਿੰਘ ਢਿਲੋਂ ਪ੍ਰੀਤ

ਸਾਹਿਤਕ ਸਮਾਰੋਹ ਅਤੇ ਕਵੀ ਦਰਬਾਰ

ਸ੍ਰੀ ਗੁਰੂ ਹਰੀ ਸਿੰਘ ਕਾਲਜ ਸ੍ਰੀ ਜੀਵਨ ਨਗਰ ਵਿਖੇ ਨਾਮਧਾਰੀ ਪੰਜਾਬੀ ਸਾਹਿਤ ਸਭਾ ਅਤੇ ਹਰਿਆਣਾ ਸਾਹਿਤ ਅਕਾਦਮੀ ਪੰਚਕੂਲਾ ਵਲੋਂ ਮਿਲਕੇ ਸਾਹਿਤਕ ਸਮਾਰੋਹ ਅਤੇ ਵਿਸ਼ਾਲ ਕਵੀ ਦਰਬਾਰ ਕੀਤਾ ਗਿਆ, ਜਿਸਦੀ ਪ੍ਰਧਾਨਗੀ ਸ. ਮਹਿੰਦਰ ਸਿੰਘ ਬਲ ਨੇ ਕੀਤੀ। ਮੁਖ ਮਹਿਮਾਨ ਵਜੋਂ ਏ. ਆਰ. ਸ਼ਰਮਾ ਪ੍ਰਸ਼ਾਸਨ ਅਧਿਕਾਰੀ ਹਰਿਆਣਾ ਸਾਹਿਤ ਅਕਾਦਮੀ ਸ਼ਾਮਲ ਹੋਏ। ਸਮਾਗਮ ਵਿੱਚ ਇਲਾਕਾ ਸ੍ਰੀ ਜੀਵਨ ਨਗਰ ਦੀਆਂ ਉਘੀਆਂ ਹਸਤੀਆਂ, ਸਿਰਸਾ ਅਤੇ ਚੰਡੀਗੜ੍ਹ ਦੇ ਸਾਹਿਤਕਾਰ ਵੀ ਸ਼ਾਮਲ ਹੋਏ। ਸਿਰਸਾ ਅਤੇ ਫਤਿਆਬਾਦ ਜ਼ਿਲਿਆਂ ਦੇ ਲੜਕੇ ਲੜਕੀਆਂ ਨੇ ਪੰਜਾਬੀ ਵਿਚੋਂ ਪਹਿਲਾ, ਦੂਸਰਾ ਤੇ ਤੀਸਰਾ ਅਸਥਾਨ ਪ੍ਰਾਪਤ ਕਰਕੇ ਹਰਿਆਣਾ ਸਾਹਿਤਕ ਅਕਾਦਮੀ ਅਤੇ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਵਲੋਂ ਦਿਤੇ ਗਏ ਮਾਨ ਸਨਮਾਨ ਵੀ ਹਾਸਲ ਕੀਤੇ। ਨਾਮਧਾਰੀ ਪੰਜਾਬੀ ਸਾਹਿਤ ਸਭਾ ਵਲੋਂ ੭ ਉਘੇ ਸਾਹਿਤਕਾਰਾਂ ਨੂੰ ਮਾਇਆ, ਲੋਈਆਂ, ਮੋਮੈਂਟੋ ਸਨਮਾਨ ਪੱਤਰ ਦੇ ਕੇ ਨਿਵਾਜਿਆ ਗਿਆ। ਸਨਮਾਨ ਕੀਤੇ ਗਏ ਸਾਹਿਤਕਾਰ ਹਨ ੧. ਜੁਗਿੰਦਰ ਸਿੰਘ ਕੰਗ ੨. ਮਾ. ਅਮਰੀਕ ਸਿੰਘ ੩. ਸਾਧੂ ਸਿੰਘ ਕਿਸਾਨ ੪. ਡਾ. ਦਰਸ਼ਨ ਸਿੰਘ (ਸਿਰਸਾ) ੫. ਵੀ.ਕੇ ਸਭਰਵਾਲ ੬. ਮਹਿੰਦਰ ਸਿੰਘ ਬਲ ੭. ਏ. ਆਰ. ਸ਼ਰਮਾ। ਸਾਹਿਤਕਾਰਾਂ ਨੇ ਆਪਣੀਆਂ ਸਾਹਿਤਕ ਰਚਨਾਵਾਂ ਸੁਣਾ ਕੇ ਸਰੋਤਿਆਂ ਨੂੰ ਕੀਲੀ ਰਖਿਆ। ਸਟੇਜ ਦੇ ਸਕੱਤਰ ਦੀ ਜ਼ਿੰਮੇਵਾਰੀ ਸ. ਸਵਰਨ ਸਿੰਘ ਵਿਰਕ ਜੀ ਨੇ ਬਾਖੂਬੀ ਨਾਲ ਨਿਭਾਈ।

ਕਵੀ ਦਰਬਾਰ ਵਿੱਚ ਹਿੱਸਾ ਲੈਣ ਵਾਲੇ ਕਵੀ ਜੁਗਿੰਦਰ ਸਿੰਘ ਮੁਕਤਾ, ਮਾ. ਅਮਰੀਕ ਸਿੰਘ, ਗੁਰਦਿਆਲ ਸਿੰਘ ਢਿਲੋਂ ਪ੍ਰੀਤ, ਲਖਵਿੰਦਰ ਸਿੰਘ ਬਾਜਵਾ, ਜਸਵਿੰਦਰ ਸਿੰਘ ਭਿੰਡਰ,

ਡਾ. ਜੀ. ਡੀ. ਚੋਪੜੀ, ਡਾ. ਦਰਸ਼ਨ ਸਿੰਘ, ਜੁਗਿੰਦਰ ਸਿੰਘ ਕੰਗ, ਸਵਰਨ ਸਿੰਘ ਵਿਰਕ, ਸੁਰਿੰਦਰ ਕੰਬੋਜ, ਹਰਭਜਨ ਸਿੰਘ ਰਾਜਾ, ਪੂਰਨ ਸਿੰਘ ਨਿਰਾਲਾ, ਕੁਲਦੀਪ ਸਿੰਘ ਦੀਪ, ਬਲਦੇਵ ਸਿੰਘ ਵੜੈਚ, ਰਾਜਿੰਦਰ ਸਿੰਘ ਰਾਜ, ਸਵਰਨ ਸਿੰਘ ਚੀਮਾ, ਵਰਿਆਮ ਸਿੰਘ ਪਿਆਸਾ, ਕਰਨੈਲ ਸਿੰਘ ਅਸਪਾਲ, ਬੇਅੰਤ ਸਿੰਘ ਸੇਖਲ, ਏ. ਆਰ. ਸ਼ਰਮਾ, ਗੁਰਦਿਆਲ ਸਿੰਘ ਮੌਜੀ, ਲਖਬੀਰ ਸਿੰਘ ਬਾਜਵਾ, ਮਹਲ ਸਿੰਘ ਮਲੀਆ, ਜੈਬ ਸਿੰਘ ਖਾਦਮ, ਪ੍ਰਕਾਸ਼ ਰਾਏਸਰੀ, ਬੀਬੀ ਆਸ਼ਾ ਕੁੰਦਨ ਹਿਸਾਰ, ਬੀਬੀ ਜਗੀਰ ਕੌਰ ਸੰਧੂ, ਡਾ. ਕਸ਼ਮੀਰ ਸਿੰਘ, ਗੁਰਬਖਸ਼ ਸਿੰਘ ਰਾਮਪੁਰੀ, ਹਰਭਜਨ ਸਿੰਘ ਰੇਣੂ, ਵੈਦ ਗੁਰਦਿਆਲ ਸਿੰਘ, ਹਰਦੀਪ ਸਿੰਘ ਹੁੰਦਲ, ਸੁਖਚੈਨ ਭੰਡਾਰੀ, ਸਰਦੂਲ ਸਿੰਘ ਕੋਟਲੀ, ਨਰੈਣ ਸਿੰਘ ਬਾਜਵਾ, ਬਿਸ਼ਨ ਦਾਸ। ਸ. ਡਾ. ਦਰਸ਼ਨ ਸਿੰਘ ਸਾਧੂ ਸਿੰਘ ਕਿਸਾਨ ਤੇ ਗੁਰਦਿਆਲ ਸਿੰਘ ਢਿਲੋਂ ਪ੍ਰੀਤ, ਮਾ. ਅਮਰੀਕ ਸਿੰਘ ਤੇ ਹਰਭਜਨ ਸਿੰਘ ਰਾਜਾ, ਜੁਗਿੰਦਰ ਸਿੰਘ ਕੰਗ ਬਾਰੇ ਲਖਵਿੰਦਰ ਸਿੰਘ ਬਾਜਵਾ ਜੀ ਨੇ ਪੇਪਰ ਪੜ੍ਹੇ। ਚਾਹ ਪਾਣੀ ਤੇ ਲੰਗਰ ਅਤੁਟ ਵਰਤਿਆ।

ਰਾਮ ਚੰਦਰ ਛਤਰਪਤੀ ਬਾਰੇ ਮਤਾ ਪੇਸ਼ ਕੀਤਾ ਗਿਆ ਜੋ ਸਰਵ ਸੰਮਤੀ ਨਾਲ ਪਾਸ ਹੋਇਆ। ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਬਾਕੀ ਕਾਤਲਾਂ ਨੂੰ ਵੀ ਫੜਕੇ ਸਖਤ ਸਜ਼ਾ ਦਿਤੀ ਜਾਵੇ। ਪ੍ਰਵਾਰ ਨੂੰ ਘਟੋ ਘਟ ਦਸ ਲੱਖ ਰੁਪਏ ਸਹਾਇਤਾ ਵਜੋਂ ਦਿੱਤੇ ਜਾਣ। ਸਰਕਾਰ ਇਹਨਾਂ ਦੇ ਪ੍ਰਵਾਰ ਲਈ ਸੁਰਖਿਆ ਪ੍ਰਬੰਧ ਕਰੇ ਤਾਂਕਿ ਇਹੋ ਜਿਹੇ ਕਾਤਲਾਨਾ ਹਮਲੇ ਮੁੜਕੇ ਨਾ ਹੋਣ।

—ਢਿਲੋਂ ਪ੍ਰੀਤ

ਕਾਵਿ ਸੰਗ੍ਰਹਿ 'ਫ਼ੱਕਰਨਾਮਾ' ਦਾ ਵਿਮੋਚਨ

ਕਵਿਤਾ ਕੇਂਦਰ (ਰਜਿ.) ਚੰਡੀਗੜ੍ਹ ਨੇ ਵਿਸ਼ਾਲ ਸਾਹਿਤਕ ਸਮਾਗਮ ਕੀਤਾ ਜਿਸ ਦੀ ਪ੍ਰਧਾਨਗੀ ਸ੍ਰੀ ਕੰਵਰਜੀਤ ਭੱਠਲ ਸੰਪਾਦਕ ਕਲਾਕਾਰ ਨੇ ਕੀਤੀ। ਉਨਾਂ ਨਾਲ ਪ੍ਰਧਾਨਗੀ ਮੰਡਲ 'ਚ ਡਾ. ਇਕਬਾਲ ਸਿੰਘ ਢਿੱਲੋਂ, ਡਾ. ਹਰਭਜਨ ਸਿੰਘ ਬਾਠ, ਸ੍ਰੀ ਸੇਵੀ ਰਾਇਤ, ਸ੍ਰੀ ਜਨਕਰਾਜ ਸਿੰਘ ਸ਼ਾਮਿਲ ਹੋਏ। ਸ਼ਮ੍ਹਾਂ ਰੋਸ਼ਨ ਕਰਨ ਦੀ ਕਾਰਵਾਈ ਡਾ. ਹਰਭਜਨ ਸਿੰਘ ਬਾਠ ਨੇ ਕੀਤੀ।

ਸਵਰਗੀ ਸ੍ਰੀ ਹਰਨਾਮ ਸਿੰਘ ਫ਼ੱਕਰ ਦੇ ਕਾਵਿ ਸੰਗ੍ਰਹਿ 'ਫ਼ੱਕਰਨਾਮਾ' ਦਾ ਵਿਮੋਚਨ ਸ੍ਰੀ ਕੰਵਰਜੀਤ ਭੱਠਲ ਨੇ ਕੀਤਾ ਤੇ ਪ੍ਰਧਾਨਗੀ ਮੰਡਲ ਨੇ ਸਾਥ ਨਿਭਾਇਆ। 'ਫ਼ੱਕਰਨਾਮਾ' ਜਨਾਬ ਫ਼ੱਕਰ ਦੇ ਬੇਟੇ ਸ੍ਰੀ ਹਰੀ ਹਰਪਾਲ ਸਿੰਘ ਬਾਠ ਨੇ ਸੰਪਾਦਤ ਕੀਤਾ। 'ਫ਼ੱਕਰਨਾਮਾ' ਬਾਰੇ ਪਰਚਾ 'ਬਹੁਪਰਤੀ ਆਕਰਸ਼ਕ ਤੇ ਉੱਤਮ ਸ਼ਾਇਰੀ ਵਾਲਾ 'ਫ਼ੱਕਰਨਾਮਾ' ਕਰਮ ਸਿੰਘ ਵਕੀਲ ਨੇ ਸਾਦੇ ਸਰਲ ਤੇ ਸੰਖੇਪ ਢੰਗ ਨਾਲ ਪੇਸ਼ ਕੀਤਾ। ਉਨਾ ਕਿਹਾ 'ਫ਼ੱਕਰ' ਜੀ ਦੀ ਕਵਿਤਾ ਵਿੱਚ ਕਮਾਲ ਦੀ ਰਵਾਨਗੀ ਤੇ ਸ਼ੈਲੀ ਉੱਤਮ ਹੈ। ਦ੍ਰਿਸ਼ ਚਿਤਰਣ ਦੀ ਮਹਾਰਤ ਤੇ ਉਨ੍ਹਾਂ ਦੀਆਂ ਨਜ਼ਮਾਂ ਨੂੰ ਅਭੁਲ ਤੇ ਆਕਰਸ਼ਕ ਬਣਾਉਂਦੀ ਐ। ਉਨਾਂ ਕਿਹਾ ਸ੍ਰੀ ਫ਼ੱਕਰ ਦੀ ਸ਼ਾਇਰੀ 'ਚ ਸਮਾਜਿਕ ਸਰੋਕਾਰਾਂ, ਰਾਜਨੀਤਿਕ ਪੈਤੜਿਆਂ, ਸਿੱਖ ਧਰਮ ਦੇ ਮਹਾਨ ਗੁਰੂਆਂ, ਅਧਿਆਤਮਕਵਾਦ, ਪੰਜਾਬੀ ਸੱਭਿਆਚਾਰ, ਧਾਰਮਿਕ ਬਿਰਤੀ ਨੂੰ ਉਜਾਗਰ ਕਰਨਾ, ਮਨੁੱਖ ਨੂੰ ਦਰਪੇਸ਼ ਮੁਸ਼ਕਲਾਂ, ਘਾਟਾਂ, ਕਮਜ਼ੋਰੀਆਂ, ਰੱਬ ਦੀ ਹੋਂਦ ਬਾਰੇ ਸਵਾਲ ਤੇ ਰੱਬ ਨਾਲ ਸ਼ਿਕਵੇ, ਔਰਤ ਨੂੰ ਆਪਾ ਪਛਾਣਨ ਦੀ ਨਸੀਹਤ, ਦੇਸ਼ ਪਿਆਰ ਤੇ ਅਨੇਕਾਂ ਵਿਸ਼ਿਆਂ ਨੂੰ ਛੋਹਿਐ। ਕਿਤਾਬ ਬਾਰੇ ਡਾ. ਇਕਬਾਲ ਸਿੰਘ ਢਿੱਲੋਂ ਨੇ ਬੋਲਦਿਆਂ ਪਰਚੇ ਨੂੰ ਸਰਾਹਿਆ ਅਤੇ ਬਾਠ ਪ੍ਰੀਵਾਰ ਨੂੰ ਬਜੁਰਗਾਂ ਦਾ ਸਾਹਿਤ ਸਾਂਭਣ ਤੇ ਪੰਜਾਬੀ ਬੋਲੀ ਨੂੰ ਯੋਗਦਾਨ ਦੇਣ ਲਈ ਕਾਵਿ ਸੰਗ੍ਰਹਿ ਕੱਢਣ ਤੇ ਵਧਾਈ ਦਿੱਤੀ। ਸ੍ਰੀ ਅਵਤਾਰ ਸਿੰਘ ਧਾਲੀਵਾਲ ਨੇ ਵੀ ਕਾਵਿ ਸੰਗ੍ਰਹਿ ਬਾਰੇ ਵਿਚਾਰ ਪੇਸ਼ ਕਰਦੇ ਕਿਹਾ ਕਿ ਜਨਾਬ ਫ਼ੱਕਰ ਦੀ ਸ਼ੈਲੀ ਧਨੀ ਰਾਮ ਚਾਤ੍ਰਿਕ ਨਾਲ ਮਿਲਦੀ ਹੈ। ਉਨਾਂ ਵਧੀਆ ਅਲੰਕਾਰ ਵਰਤਕੇ ਕਾਵਿ ਪੇਸ਼ ਕੀਤੇ। ਉਨਾਂ ਪਰਚੇ ਨੂੰ ਸਰਲ ਸੰਖੇਪ ਤੇ ਕਿਤਾਬ ਨਾਲ ਇਨਸਾਫ ਕਰਦਾ ਹੋਇਆ ਦਸਦਿਆਂ ਵਕੀਲ ਨੂੰ ਮੁਬਾਰਕਬਾਦ ਦਿੱਤੀ।

ਸਮਾਗਮ ਦੇ ਦੂਜੇ ਦੌਰ ਵਿਚ ਡਾ. ਹਰਭਜਨ ਸਿੰਘ ਬਾਠ, ਚੈਰ ਰਾਮ ਅਰਸ਼ੀ ਠੁਆਣੇ ਵਾਲੇ, ਸ੍ਰੀਮਤੀ ਮਨਜੀਤ ਕੌਰ ਮੁਹਾਲੀ ਦਾ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਪ੍ਰਧਾਨਗੀ ਮੰਡਲ, ਕਰਮ ਸਿੰਘ ਵਕੀਲ ਪਰਚਾ ਲੇਖਕ, ਫੱਕਰਨਾਮਾ ਦੇ ਸੰਪਾਦਕ ਸ੍ਰੀ ਹਰੀ ਹਰਪਾਲ ਸਿੰਘ ਬਾਠ, ਦੇਵਿੰਦਰ ਕੌਰ ਬਾਠ, ਪ੍ਰਾਲ ਅਜਨਬੀ ਤੇ ਸੇਵੀ ਰਾਇਤ, ਹੋਰ ਸ਼ਖਸੀਅਤਾਂ ਨੂੰ ਯਾਦ ਚਿੰਨ੍ਹ ਵੀ ਦਿਤੇ ਗਏ। ਗੀਤਕਾਰ ਅਰਸ਼ੀ ਨੇ ਗੀਤ ਗਾਇਆ ਅਤੇ ਮਨਜੀਤ ਕੌਰ ਮੁਹਾਲੀ ਨੇ ਕਵਿਤਾਵਾਂ ਸੁਣਾਈਆਂ।

ਮੁਸ਼ਾਇਰੇ ਦੌਰਾਨ ਕਵਿਤਾ ਕੇਂਦਰ (ਰਜਿ.) ਚੰਡੀਗੜ੍ਹ ਬਾਰੇ ਇਕ ਕਿਤਾਬਚੇ ਦਾ ਵਿਮੋਚਨ ਡਾ. ਹਰਭਜਨ ਸਿੰਘ ਬਾਠ ਨੇ ਕੀਤਾ ਤੇ ਸਰਵਸ੍ਰੀ ਬੋਧੀ ਮਾਣਕ, ਕੇਵਲ ਮਾਣਕਪੁਰੀ, ਰਾਜਿੰਦਰ ਕੌਰ ਸੰਧੂ, ਅਮਰ ਸਿੰਘ ਅਮਰ, ਸੁਰਜੀਤ ਕੌਰ ਬੈਂਸ, ਗੁਰਵਿੰਦਰ ਚਾਕ, ਪਰਮਜੀਤ ਕੌਰ, ਬੀ ਕੇ ਪੰਨੂ ਪਰਵਾਜ਼, ਡਾ. ਮੁਖਤਿਆਰ

ਮਿੱਤਰ, ਮਲਕੀਅਤ ਬਸਰਾ, ਹਰਨਾਮ ਡੱਲਾ, ਰਤਨ ਬਾਬਕਵਾਲਾ, ਬਾਬੂ ਰਾਮ ਦੀਵਾਨਾ, ਬਲਵਿੰਦਰ ਸਿੰਘ ਤੀਰ, ਸਤਪਾਲ ਨੂਰ, ਦੇਵੀ ਦਿਆਲ ਸੈਣੀ, ਪਾਲ ਅਜਨਬੀ, ਅਹੀਰ ਹੁਸ਼ਿਆਰਪੁਰੀ, ਅਮਨਦੀਪ, ਪੰਨਾ ਲਾਲ ਮੁਸ਼ਤਫ਼ਾਬਾਦੀ, ਕਰਮ ਸਿੰਘ ਵਕੀਲ, ਗੁਰਦਰਸ਼ਨ ਬੱਲ, ਪੂਰਨ ਸਿੰਘ ਕਿਰਤੀ, ਵਿਸ਼ਵਜੀਤ, ਮੁਖਤਿਆਰ ਮਿੱਤਰ, ਨਿਹਚਲ ਕੌਰ, ਅਤੇ ਮਨਜੀਤ ਘੁੰਮਣ ਨੇ ਕਵਿਤਾਵਾਂ/ਗਜ਼ਲਾਂ ਪੇਸ਼ ਕੀਤੀਆਂ। ਮੰਚ ਸੰਚਾਲਨ ਪਾਲ ਅਜਨਬੀ ਨੇ ਚੰਗੇ ਸੁਚੱਜੇ ਢੰਗ ਨਾਲ ਕੀਤਾ?

ਕਰਮ ਸਿੰਘ ਵਕੀਲ

(ਪ੍ਰੈਸ ਸਕੱਤਰ)

ਉਮਿੰਦਰ ਜੌਹਲ ਦਾ ਸਨਮਾਨ

੨੪ ਨਵੰਬਰ, ੨੦੦੨ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ੩੩ਵੇਂ ਸਥਾਪਨਾ ਦਿਵਸ ਤੇ ਸਾਲ ੨੦੦੦ ਦਾ 'ਮੋਲਾ ਬਖਸ਼ ਕੁਸ਼ਤਾ ਖੋਜ ਅਤੇ ਆਲੋਚਨਾ ਪੁਰਸਕਾਰ' ਦੁਆਬਾ ਕਾਲਜ ਜਲੰਧਰ ਦੇ ਪੰਜਾਬੀ ਵਿਭਾਗ ਦੇ ਪ੍ਰਾ-ਅਧਿਆਪਕ ਡਾ. ਉਮਿੰਦਰ ਜੋਹਲ ਨੂੰ ਉਹਨਾਂ ਦੀ ਪੁਸਤਕ 'ਪਾਠ-ਭਾਸ਼ਾ ਵਿਗਿਆਨ : ਸਿਧਾਂਤ ਅਤੇ ਵਿਹਾਰ' ਤੇ ਦੇ ਕੇ ਸਨਮਾਨਿਤ ਕੀਤਾ। ਯੂਨੀਵਰਸਿਟੀ ਇਹ ਪੁਰਸਕਾਰ ੪੦ ਸਾਲ ਤੋਂ ਘੱਟ ਉਮਰ ਦੇ ਪੰਜਾਬੀ ਲੇਖਕਾਂ ਨੂੰ ਉਤਸਾਹਿਤ ਕਰਨ ਲਈ ਹਰ ਸਾਲ ਦਿੰਦੀ ਹੈ, ਜਿਸ ਵਿੱਚ ੫੧੦੦/- ਰੁ. ਸ਼ੋਭਾ ਪੱਤਰ ਅਤੇ ਇਕ ਮੈਡਲ ਹੁੰਦਾ ਹੈ।

ਇਸ ਖੁਸ਼ੀ ਨੂੰ ਸਾਂਝਾ ਕਰਦਿਆਂ ੨੨ ਦਸੰਬਰ, ੨੦੦੨ ਨੂੰ ਦੁਆਬਾ ਕਾਲਜ ਜਲੰਧਰ ਦੇ ਪੰਜਾਬੀ ਵਿਭਾਗ ਵਲੋਂ ਕਾਲਜ ਦੇ ਆਈ.ਟੀ.ਬਲਾਕ ਵਿੱਚ ਡਾ. ਉਮਿੰਦਰ ਦੇ ਸਨਮਾਨ ਵਿੱਚ ਇਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦੇ ਮੁਖ ਮਹਿਮਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਉਪ-ਕੁਲਪਤੀ ਡਾ. ਐਸ.ਪੀ. ਸਿੰਘ ਸਨ। ਸਮਾਗਮ ਦੇ ਆਰੰਭ ਵਿੱਚ ਪ੍ਰਿੰਸੀਪਲ ਡਾ. ਆਰ.ਪੀ. ਭਾਰਦਵਾਜ ਨੇ ਆਏ ਸਾਰੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਡਾ. ਜੌਹਲ ਦੀ ਇਹ ਪ੍ਰਾਪਤੀ ਕਾਲਜ ਲਈ ਮਾਣ ਵਾਲੀ ਗਲ ਹੈ। ਡਾ. ਜੌਹਲ ਦੇ ਮਾਰਗ ਦਰਸ਼ਕ ਡਾ. ਸੁਖਵਿੰਦਰ ਸਿੰਘ ਸੰਘਾ ਨੇ ਕਿਹਾ ਕਿ ਡਾ. ਉਮਿੰਦਰ ਗਤੀਸ਼ੀਲ ਸੋਚ ਦਾ ਮਾਲਕ ਹੈ ਅਤੇ ਹਰੇਕ ਖੇਤਰ ਵਿੱਚ ਕੁਝ ਨਵਾਂ ਕਰਨ ਦਾ ਯਤਨ ਕਰਦਾ ਹੈ। ਉਸਦੀ ਪੁਸਤਕ ਤੇ ਟਿੱਪਣੀ ਕਰਦਿਆਂ ਉਹਨਾਂ ਕਿਹਾ ਕਿ ਭਾਸ਼ਾ ਵਿਗਿਆਨਕ ਸਿਸਟਮ ਵਿੱਚ ਰਹਿ ਕੇ ਸਾਹਿਤ ਪਾਠਾਂ ਦੀ ਅੰਤਰੀਵੀ ਭਾਸ਼ਾ ਵਿੱਚ ਵਿਗਿਆਨਕ ਤਰਕ ਨੂੰ ਤਲਾਸ਼ਣ ਦਾ ਯਤਨ ਅਜੇ ਪੰਜਾਬੀ ਵਿੱਚ ਨਹੀਂ ਹੋਇਆ। ਇਹ ਪੁਸਤਕ ਇਸ ਸਿਲਸਲੇ ਵਿੱਚ ਪਹਿਲੀ ਪੁਸਤਕ ਬਣਨ ਦਾ ਮਾਣ ਪ੍ਰਾਪਤ ਕਰ ਰਹੀ ਹੈ।

ਡਾ. ਉਮਿੰਦਰ ਜੋਹਲ ਦੀ ਇਸ ਖੁਸ਼ੀ ਵਿੱਚ ਸ਼ਾਮਿਲ ਹੁੰਦਿਆਂ ਵਰਿਆਮ ਦੇ ਸੰਪਾਦਕ ਸ. ਜਗਦੀਸ਼ ਸਿੰਘ ਵਰਿਆਮ ਨੇ ਜੌਹਲ ਪਰਿਵਾਰ ਦੀ ਘਾਲਣਾ ਅਤੇ ਸਾਹਿਤਕ ਯੋਗਦਾਨ ਦਾ ਖੂਬਸੂਰਤ ਅੰਦਾਜ਼ ਵਿੱਚ ਬਿਉਰਾ ਦਿਤਾ। ਉਹਨਾਂ ਵੱਖ ਵੱਖ ਸੰਸਥਾਵਾਂ ਵਿੱਚ ਉਮਿੰਦਰ ਦੀ ਅਗਵਾਈ ਅਤੇ ਕਾਰਗੁਜ਼ਾਰੀ ਨੂੰ ਬੜਾ ਸਾਰਥਕ ਯੋਗਦਾਨ ਦਸਿਆ। ਡਾ. ਡੀ. ਬੀ. ਰਾਏ ਮੁਖੀ ਪੰਜਾਬੀ ਵਿਭਾਗ ਦੁਆਬਾ ਕਾਲਜ ਨੇ ਕਿਹਾ ਕਿ ਪੁਰਸਕਾਰ ਦਾ ਮਿਲਣਾ ਹਮੇਸ਼ਾ ਬੜੇ ਮਾਣ ਵਾਲੀ ਗਲ ਹੁੰਦੀ ਹੈ ਖਾਸ ਕਰਕੇ ਜਦੋਂ ਪੁਰਸਕਾਰ ਅਧਿਕਾਰੀ ਵਿਅਕਤੀ ਨੂੰ ਮਿਲੇ, ਤੁਹਾਡੇ ਆਪਣੇ ਨੂੰ ਮਿਲੇ। ਉਮਿੰਦਰ ਦੇ ਸਨਮਾਨਤ ਹੋਣ ਨਾਲ ਦੁਆਬਾ ਕਾਲਜ ਸਨਮਾਨਤ ਹੋਇਆ ਹੈ। ਉਹਨਾਂ ਕਿਹਾ ਕਿ ਉਮਿੰਦਰ ਪ੍ਰਤਿਭਾਵਾਨ ਨੌਜੁਆਨ ਲੇਖਕ ਹੈ। ਇਕ ਸੂਝਵਾਨ ਅਤੇ ਕੁਸ਼ਲ ਪ੍ਰ-ਅਧਿਆਪਕ। ਉਸ ਦਾ ਪਾਠ-ਭਾਸ਼ਾ ਵਿਗਿਆਨ ਅਤੇ ਪਾਸ਼ ਨੂੰ ਕਵੀ ਵਲੋਂ ਲੈ ਕੇ ਕੀਤਾ ਕੰਮ ਵੰਗਾਰੀ ਅਤੇ ਚੁਣੌਤੀ ਭਰਪੂਰ ਹੈ। ਪ੍ਰਤਿਭਾਵਾਨ ਲੇਖਕ ਦੀ ਕਦਰ ਜਰੂਰ ਹੁੰਦੀ ਹੈ। ਹੋਣੀ ਵੀ ਚਾਹੀਦੀ ਹੈ। ਉਮਿੰਦਰ ਇਸਦਾ ਹੱਕਦਾਰ ਹੈ। ਯੂਨੀਵਰਸਿਟੀ ਨੇ ਇਹ ਸਨਮਾਨ ਦੇ ਕੇ ਇਸ ਹੱਕ ਦੀ ਪੁਸ਼ਟਤਾ ਕੀਤੀ ਹੈ। ਸਾਨੂੰ ਇਸ ਤੋਂ ਵੱਡੀਆਂ ਪ੍ਰਾਪਤੀਆਂ ਦੀ ਆਸ ਹੈ।

ਡਾ. ਐਸ. ਪੀ. ਸਿੰਘ ਹੁਰਾਂ ਆਪਣੇ ਭਾਸ਼ਨ ਵਿੱਚ ਕਿਹਾ ਕਿ ਡਾ. ਉਮਿੰਦਰ ਜੋਹਲ ਨੇ ਏਨੀ ਵਿਲਖਣਤਾ ਨਾਲ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਕੰਮ ਕਰਕੇ ਅਤੇ ਨਿਰਵਿਵਾਦ ਰੂਪ ਵਿੱਚ ਪੁਰਸਕਾਰ ਜਿੱਤ ਕੇ ਅਧਿਆਪਕ ਬਰਾਦਰੀ ਦਾ ਨਾਂ ਉੱਚਾ ਕੀਤਾ ਹੈ। ਉਹਨਾਂ ਕਿਹਾ ਤਕਰੀਬਨ ਦੋ ਸਾਲ ਤੋਂ ਯੂਨੀਵਰਸਿਟੀ ਕਿਸੇ ਢੁਕਵੀਂ ਪੁਸਤਕ ਦੀ ਅਣਹੋਂਦ ਕਾਰਨ ਇਹ ਇਨਾਮ ਨਹੀਂ ਦੇ ਰਹੀ ਸੀ। ਇਨਾਮਾਂ ਦੀ ਰੁਕੀ ਲੜੀ ਨੂੰ ਇਸ ਪੁਸਤਕ ਨੇ ਅਗੇ ਤੋਰਿਆ ਹੈ।

ਸ੍ਰੀ ਚੰਦਰ ਮੋਹਨ ਜੀ, ਪ੍ਰਧਾਨ, ਆਰੀਆ ਸਿੱਖਿਆ ਮੰਡਲ ਨੇ ਡਾ. ਜੌਹਲ ਅਤੇ ਉਸਦੇ ਪਰਿਵਾਰ ਨੂੰ ਇਸ ਪ੍ਰਾਪਤੀ ਤੇ ਵਧਾਈ ਦਿਤੀ। ਉਹਨਾਂ ਨੇ ਕਾਲਜ ਦੇ ਪੰਜਾਬੀ ਵਿਭਾਗ ਦੀ ਵਧੀਆ ਕਾਰਗੁਜ਼ਾਰੀ 'ਤੇ ਵੀ ਖੁਸ਼ੀ ਪ੍ਰਗਟ ਕੀਤੀ। ਉਹਨਾਂ ਨੇ ਆਰੀਆਂ ਸਿੱਖਿਆ ਮੰਡਲ ਵਲੋਂ ਸਨਮਾਨ ਚਿੰਨ ਅਤੇ ਅੰਗ

ਵਸਤਰ ਦੇ ਕੇ ਉਮਿੰਦਰ ਜੋਹਲ ਅਤੇ ਉਹਨਾਂ ਦੀ ਪਤਨੀ ਸ੍ਰੀਮਤੀ ਰਾਜਿੰਦਰ ਕੌਰ ਦਾ ਸਨਮਾਨ ਕੀਤਾ।

ਡਾ. ਉਮਿੰਦਰ ਜੋਹਲ ਨੇ ਆਪਣੇ ਪ੍ਰਾ-ਅਧਿਆਪਕਾਂ ਖਾਸ ਕਰ ਡਾ. ਟੀ. ਡੀ. ਜੋਸ਼ੀ ਅਤੇ ਡਾ. ਸੰਘਾ ਹੁਰਾਂ ਦਾ ਉਹਨਾਂ ਪਾਸੋਂ ਮਿਲੀ ਸੇਧ ਲਈ ਧੰਨਵਾਦ ਕੀਤਾ। ਉਹਨਾਂ ਨੇ ਸਨਮਾਨ ਕਰਨ ਵਾਲਿਆਂ ਦਾ ਵੀ ਧੰਨਵਾਦ ਕੀਤਾ। ਸਮਾਗਮ ਵਿੱਚ ਉਪਰੋਕਤ ਤੋਂ ਇਲਾਵਾ ਕਾਲਜ ਦਾ ਸਮੁੱਚਾ ਸਟਾਫ ਅਤੇ ਐਮ.ਏ. ਪੰਜਾਬੀ ਦੇ ਵਿਦਿਆਰਥੀ ਵੀ ਸ਼ਾਮਲ ਸਨ। ਬਾਹਰੋਂ ਆਏ ਮਹਿਮਾਨਾਂ ਵਿਚੋਂ ਡਾ. ਗੀਟਾ ਬਾਵਾ (ਪ੍ਰਿੰਸੀਪਲ ਕੇ.ਐਮ. ਵੀ) ਨੇ ਵੀ ਸਨਮਾਨ ਚਿੰਨ ਦੇ ਕੇ ਉਮਿੰਦਰ ਦਾ ਸਨਮਾਨ ਕੀਤਾ। ਉਹਨਾਂ ਨਾਲ ਕੇ.ਐਮ. ਵੀ ਦਾ ਪੰਜਾਬੀ, ਹਿੰਦੀ ਅਤੇ ਸੰਸਕ੍ਰਿਤ ਵਿਭਾਗ ਦਾ ਸਮੁੱਚਾ ਸਟਾਫ ਵੀ ਉਚੇਚ ਤੌਰ ਤੇ ਸ਼ਾਮਿਲ ਹੋਇਆ। ਐਸ. ਡੀ. ਕਾਲਜ, ਜਲੰਧਰ ਤੋਂ ਮੈਡਮ ਤਜਿੰਦਰ ਕੌਰ ਅਤੇ ਮੈਡਮ ਸੁਰਿੰਦਰ ਕੌਰ, ਖਾਲਸਾ ਕਾਲਜ, ਜਲੰਧਰ ਤੋਂ ਡਾ. ਹਰਜਿੰਦਰ ਸਿੰਘ ਅਟਵਾਲ, ਡੀ. ਏ. ਵੀ. ਕਾਲਜ, ਜਲੰਧਰ ਤੋਂ ਡਾ. ਅਗਨੀਹੋਤਰੀ, ਯੂਨੀਵਰਸਿਟੀ ਕਾਲਜ ਤੋਂ ਪ੍ਰਿੰਸੀਪਲ ਡਾ. ਸਵਰਨ ਸਿੰਘ, ਕਮਲਾ ਨਹਿਰੂ ਕਾਲਜ ਫਗਵਾੜਾ ਤੋਂ ਪ੍ਰੋ. ਰਮਿੰਦਰ ਕੌਰ, ਗੁਰੂ ਨਾਨਕ ਕਾਲਜ ਸੁਖਚੈਨਾ ਸਾਹਿਬ ਤੋਂ, ਪ੍ਰੋ. ਭੁਪਿੰਦਰ ਕੌਰ, ਡੀ.ਏ.ਵੀ. ਕਾਲਜ ਨਕੋਦਰ ਤੋਂ ਪ੍ਰੋ. ਸੁਰਜੀਤ ਜੱਜ ਅਤੇ ਅਜੀਤ ਅਖਬਾਰ ਤੋਂ ਗੁਰਦੀਸ਼ ਆਰਟਿਸਟ ਵੀ ਇਸ ਖੁਸ਼ੀ ਵਿੱਚ ਉਚੇਚੇ ਸ਼ਾਮਿਲ ਹੋਏ।

ਸਮਾਗਮ ਦੇ ਅੰਤ ਉੱਤੇ ਪ੍ਰੋ. ਓ.ਪੀ. ਅਰੋੜਾ, ਵਾਈਸ ਪ੍ਰਿੰਸੀਪਲ ਦੁਆਬਾ ਕਾਲਜ ਨੇ ਆਏ ਸਭ ਮਹਿਮਾਨਾ ਦਾ ਧੰਨਵਾਦ ਕੀਤਾ। ਡਾ. ਰਘਬੀਰ ਸਿੰਘ ਨੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ।

—ਡਾ. ਡੀ.ਬੀ.ਰਾਏ

ਹਰਨਾਮ ਦਾਸ ਸਹਿਰਾਈ ਦੀ ਯਾਦ ਵਿਚ ਸਮਾਗਮ

ਹਰਨਾਮ ਦਾਸ ਸਹਿਰਾਈ ਮੈਮੋਰੀਅਲ ਟਰੱਸਟ ਰਜਿ. ਬਸਤੀ ਨੌ ਜਲੰਧਰ ਵਲੋਂ ਭਾਸ਼ਾ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਪ੍ਰਸਿੱਧ ਲੇਖਕ ਸਵ: ਸ੍ਰੀ ਹਰਨਾਮ ਦਾਸ ਸਹਿਰਾਈ ਦੀਆਂ ਲਿਖਤਾਂ ਉੱਤੇ ਇਕ ਸਾਹਿਤਕ ਗੋਸ਼ਟੀ ਅਤੇ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਵਿਚਾਰ ਪ੍ਰਗਟ ਕਰਦਿਆਂ ਵਿਸ਼ੇਸ਼ ਮਹਿਮਾਨ ਸ੍ਰੀ ਵਿਜੇ ਕੁਮਾਰ ਚੋਪੜਾ ਮੁਖ ਸੰਪਾਦਕ ਜੱਗ-ਬਾਣੀ ਗਰੁੱਪ ਨੇ ਅਜਿਹਾ ਉਪਰਾਲਾ ਕਰਨ ਦੀ ਜ਼ੋਰਦਾਰ ਸ਼ਲਾਘਾ ਕੀਤੀ। ਡਾ ਮਦਨ ਲਾਲ ਹਸੀਜਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਨੇ ਐਲਾਨ ਕੀਤਾ ਕਿ ਸ੍ਰੀ ਸਹਿਰਾਈ ਦੀਆਂ ਲਿਖਤਾਂ 'ਤੇ ਪੀ.ਐਚ. ਡੀ. ਦੀ ਡਿਗਰੀ ਕਰਨ ਵਾਲੇ ਖੋਜ ਵਿਦਿਆਰਥੀ ਨੂੰ ਸ੍ਰੀ ਹਰਨਾਮ ਦਾਸ ਸਹਿਰਾਈ ਮੈਮੋਰੀਅਲ ਟਰੱਸਟ ਵਲੋਂ ੩ ਸਾਲ ਲਈ ਫੈਲੋਸ਼ਿਪ ਪ੍ਰਦਾਨ ਕੀਤੀ ਜਾਵੇਗੀ। ਇਸ ਤੋਂ ਇਲਾਵਾ ਉਨ੍ਹਾਂ ਟਰੱਸਟ ਵਲੋਂ ਹਰ ਵਰ੍ਹੇ ਇਕ ਹਰਨਾਮ ਦਾਸ ਸਹਿਰਾਈ ਪੁਰਸਕਾਰ ਦਿਤੇ ਜਾਣ ਦਾ ਐਲਾਨ ਵੀ ਕੀਤਾ।

ਸਾਹਿਤਕ ਗੋਸ਼ਟੀ ਦੇ ਪਹਿਲੇ ਸੈਸ਼ਨ ਦੌਰਾਨ ਸਮਾਗਮ ਦੀ ਪ੍ਰਧਾਨਗੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋ. ਵਾਈਸ ਚਾਂਸਲਰ ਡਾ. ਸਤਿੰਦਰ ਸਿੰਘ ਨੇ ਕੀਤੀ। ਡਾ. ਜਗਿੰਦਰ ਸਿੰਘ ਨਿਰਾਲਾ, ਡਾ. ਰਜਨੀਸ਼ ਬਹਾਦਰ, ਡਾ ਐਚ. ਐਸ. ਬੇਦੀ, ਡਾ. ਕੁਲਵਿੰਦਰ ਕੌਰ ਅਤੇ ਡਾ. ਜਤਿੰਦਰਪਾਲ ਸਿੰਘ ਜੌਲੀ ਨੇ ਆਪੋ-ਆਪਣੇ ਖੋਜ ਪੱਤਰ ਪੜ੍ਹੇ। ਗੋਸ਼ਟੀ ਦੌਰਾਨ ੨੦੦ ਤੋਂ ਵਧੇਰੇ ਵਿਦਵਾਨਾਂ ਅਤੇ ਸ੍ਰੋਤਿਆਂ ਨੇ ਭਾਗ ਲਿਆ। ਬਾਅਦ ਦੁਪਹਿਰ ਚੱਲੇ ਕਵੀ ਦਰਬਾਰ ਅਤੇ ਸਭਿਆਚਾਰਕ ਪ੍ਰੋਗਰਾਮ ਦੌਰਾਨ ਉੱਘੇ ਕਵੀ, ਸੰਤੋਖ ਸਿੰਘ ਸਫਰੀ, ਕੰਵਰ ਇਮਤਿਆਜ਼, ਡਾ. ਸੋਹਿਦਰਬੀਰ, ਗੋਪਾਲ ਸਿੰਘ ਪਾਲ, ਸੁਜਾਨ ਸਿੰਘ ਸੁਜਾਨ, ਏ.ਐਸ. ਦਲੇਰ, ਕੁਲਵੰਤ ਜਗਰਾਓਂ ਮੇਜਰ ਪ੍ਰਤਾਪ ਸਿੰਘ, ਕੁਲਦੀਪ ਸਿੰਘ ਕਾਹਲੋਂ, ਡੀ.ਆਰ.ਧਵਨ, ਉਲਫਤ ਬਾਜਵਾ, ਹਰਦੇਵ ਸਿੰਘ ਗਰੇਵਾਲ, ਅਨੂਪ ਸਿੰਘ ਨੂਰੀ ਤੇ ਡਾ. ਹਰਫੂਲ ਆਦਿ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ। ਸ੍ਰੀ ਜਗਦੀਸ਼ ਸਿੰਘ ਵਰਿਆਮ ਨੇ ਪੁੱਜੀਆਂ ਸ਼ਖਸੀਅਤਾਂ ਨੂੰ ਸਨਮਾਨਤ ਕਰਨ ਦੀ ਰਸਮ ਅਦਾ ਕੀਤੀ। ਟਰੱਸਟ ਦੇ ਪ੍ਰਧਾਨ ਸੁਖਦੇਵ ਰਾਜ ਅਤੇ ਸਕੱਤਰ ਕੁਲਦੀਪ ਰਾਏ ਨੇ ਉਚੇਚੇ ਤੌਰ 'ਤੇ ਸ਼ਿਰਕਤ ਕਰਨ ਵਾਲੇ ਮੇਅਰ ਨਗਰ ਨਿਗਮ ਸੁਰਿੰਦਰ ਮਹੇ, ਕੌਂਸਲਰ ਸ਼ਰਵਣ ਗਰੋਵਰ ਨੂੰ ਜੀ ਆਇਆਂ ਕਿਹਾ। ਪ੍ਰੋ. ਪਿਆਰਾ ਸਿੰਘ ਭੋਗਲ, ਕਰਨੈਲ ਸਿੰਘ ਨਿਝਰ, ਪ੍ਰੋ. ਅਵਤਾਰ ਜੌੜਾ, ਮੱਖਣ ਮਾਨ, ਦੇਸ ਰਾਜ ਕਾਲੀ, ਪ੍ਰਿੰ. ਸਵ੍ਰਨ ਸਿੰਘ, ਜਸਵੰਤ ਖਟਕੜਵਾਲ, ਚੇਤੰਨ ਸਿੰਘ, ਦੂਰਦਰਸ਼ਨ ਤੋਂ ਸਰਦਾਰਜੀਤ ਬਾਵਾ, ਸਖਬੀਰ ਆਰਟਿਸਟ ਸਮੇਤ ਬਹੁਤ ਸਾਰੀਆਂ ਸਾਹਿਤਕ ਤੇ ਕਲਾਕਾਰ ਹਸਤੀਆਂ ਸ਼ਾਮਲ ਸਨ। ਸਟੇਜ ਦੀ ਕਾਰਵਾਈ ਸ. ਮਨਪ੍ਰੀਤ ਸਿੰਘ ਬੱਲ ਅਤੇ ਸ੍ਰੀਮਤੀ ਸੁਖਪ੍ਰੀਤ ਕੌਰ ਬਲ ਨੇ ਖੂਬੀ ਨਾਲ ਚਲਾਈ।

ਪ੍ਰਤੀਕਿਰਿਆ

ਵਰਿਆਮ ਜਨਵਰੀ ੨੦੦੩ ਇਤਿਹਾਸਕ ਤੇ ਯਾਦਗਾਰੀ ਚਿੱਤਰ ਸਹਿਤ ਟਾਇਟਲ! ਜੇ ਸਾਡੇ ਭਾਰਤੀ ਵੀਰ, "ਕੂਕਾ ਸ਼ਹੀਦੀ ਸਮਾਰਕ ਮਲੇਰ ਕੋਟਲਾ" ਵੱਲ ਧਿਆਨ ਦੇਣ ਤਾਂ ਭਾਰਤ ਲਈ ਪ੍ਰਾਪਤ ਕੀਤੀ ਆਜ਼ਾਦੀ ਨੂੰ ਦੇਣ ਦੇ ਮੁੱਲ ਦਾ ਪਤਾ ਲਗਦਾ ਹੈ। ਪਰ ਜਿਸ ਗਤੀ ਨਾਲ ਭਾਰਤੀ ਜਨਤਾ ਦੀ ਗਾੜ੍ਹੇ ਪਸੀਨੇ ਨਾਲ ਕੀਤੀ ਕਮਾਈ ਨੂੰ ਕਿਸੇ ਵੀ ਸੀਟ 'ਤੇ ਬੈਠਾ ਆਮ ਭਾਰਤੀ ਬਿਨਾਂ ਕਿਸੇ ਲੱਗ-ਲਬੇੜ ਦੇ ਸ਼ਾਨ ਨਾਲ ਡਕਾਰੀ ਜਾ ਰਿਹਾ ਹੈ ਜਾਂ ਵਿਓਪਾਰੀ ਪ੍ਰਬੰਧ ਕਰਤਾ ਲੋਕਾਂ ਨੂੰ ਪੱਖ ਭ੍ਰਸ਼ਟ ਕਰੀ ਜਾ ਰਿਹਾ ਹੈ ਤਾਂ ਆਜਾਦੀ ਲਈ ਹੱਸ ਹੱਸ ਕੇ ਵਾਰੀਆਂ ਜਾਨਾਂ ਦੀ ਕੀਮਤ ਕਿਹੜਾ ਪਾਵੇਗਾ ? ਕਿਸ ਨੂੰ ਨਹੀਂ ਪਤਾ ਕਿ ਸਤਿਗੁਰੂ ਰਾਮ ਸਿੰਘ ਜੀ ਤੋਂ ਸ਼ੁਰੂ ਹੋਈ ਨਾ-ਮਿਲਵਤਨ ਦੀ ਲਹਿਰ ਆਖਰ ਰਾਸ਼ਟਰਪਿਤਾ ਮਹਾਤਮਾ ਗਾਂਧੀ ਨੂੰ ਵੀ ਅਪਨਾਣੀ ਪਈ ਸੀ ਤੇ ਸਬਰ ਅਤੇ ਸ਼ੁਕਰ ਦਾ ਫਾਰਮੂਲਾ ਆਖਰ ਤਕ ਧਾਰਨ ਕਰਨਾ ਪਿਆ ਸੀ।

ਅੱਗੋਂ ਆਪ ਜੀ ਨੇ ਚੱਕ੍ਰਵਰਤੀ ਜੀ ਦਾ ਨਾਮਧਾਰੀ ਲਹਿਰ ਬਾਰੇ ਜਾਣਕਾਰੀ ਭਰਪੂਰ ਲੇਖ ਛਾਪਕੇ ਭਾਰਤੀਆਂ ਨੂੰ ਚਾਨਣ ਕਰਵਾਉਣ ਕੀ ਕੋਸ਼ਿਸ਼ ਕੀਤੀ ਹੈ ਕਿ "ਕੂਕਾ ਲਹਿਰ ਦਾ ਭਾਰਤ ਨੂੰ ਆਜ਼ਾਦੀ ਦਿਵਾਉਣ ਵਿਚ ਕਿੰਨਾ ਹੱਥ ਹੈ।" ਜਿਸ ਦਾ ਸਾਡੇ ਭਾਰਤੀਆਂ ਨੇ ਮੁੱਲ ਨਹੀਂ ਪਾਇਆ। ਲੇਖ ਪੜ੍ਹਕੇ ਮੈਨੂੰ ਤਾਂ ਇਹ ਗਿਆਤ ਹੋਇਆ ਹੈ ਕਿ ਭਾਰਤ ਲਈ ਆਜ਼ਾਦੀ ਪ੍ਰਾਪਤ ਕਰਨ ਵਾਸਤੇ ਕੀਤੇ ਗਏ ਸੰਘਰਸ਼ ਵਿੱਚ ਕੂਕਾ ਲਹਿਰ ਦਾ ਹਿੱਸਾ ਦੂਜੇ ਸੰਘਰਸ਼ਾਂ ਨੂੰ ਨਾਮ-ਮਾਤਰ ਦਰਸਾਉਂਦਾ ਮਾਲੂਮ ਪੈਂਦਾ ਹੈ। ਆਜ਼ਾਦੀ ਪ੍ਰਾਪਤ ਕਰਨ ਲਈ ਸੰਘਰਸ਼ ਕਰਨ ਵਾਲਿਆਂ ਨੂੰ ਕੀ ਪਤਾ ਸੀ ਕਿ ਪ੍ਰਾਪਤ ਕੀਤੀ ਆਜ਼ਾਦੀ ਵਿਚ ਸੁਤੰਤਰ ਵਿਚਰਨ ਵਾਲੇ ਦੇਸ਼ ਦਾ ਧਨ ਤਾਂ ਕਿਧਰੇ ਰਿਹਾ, ਦੇਸ਼ ਦੀ ਮਿੱਟੀ ਤੱਕ ਵੀ ਚੱਟ ਜਾਣਗੇ ਅਤੇ ਫੇਰ ਵੀ ਉਹਨਾਂ ਦੀ ਤ੍ਰਿਸ਼ਨਾ ਧਨ ਇੱਕਠਾ ਕਰਨ ਤੋਂ ਨਹੀਂ ਮੁੱਕੇਗੀ।

ਚਾਹੀਦਾ ਤਾਂ ਇਹ ਵੀ ਸੀ ਕਿ "ਕੂਕਾ ਲਹਿਰ" ਵਿਚ ਸ਼ਹੀਦ ਹੋਏ ਲੋਕਾਂ ਦੀਆਂ ਯਾਦਗਾਰਾਂ ਉਸੇ ਤਰ੍ਹਾਂ ਬਣਦੀਆਂ ਜਿਵੇਂ ਬਜਬਜ ਘਾਟ ਤੇ ਮਾਰੇ ਗਏ ਕਾਮਾਗਾਟਾ ਮਾਰੂ ਜਹਾਜ਼ ਦੇ ਸ਼ਹੀਦ ਯਾਤਰੀਆਂ ਦੀਆਂ, ਪਰ ਅਜਿਹਾ ਹੋਇਆ ਨਹੀਂ। ਖ਼ੈਰ! ਹੋਣਾ ਚਾਹੀਦਾ ਹੈ।

ਭਾਰਤੀ ਕੌਮੀ ਘਟ ਗਿਣਤੀ ਕਮਿਸ਼ਨ ਦੇ ਵਾਈਸ ਚੇਅਰਮੈਨ ਸ੍ਰ. ਤਰਲੋਚਨ ਸਿੰਘ ਜੀ ਦਾ ਪਿਆਰੇ ਪ੍ਰੋ. ਬਡੂੰਗਰ ਜੀ ਨੂੰ ਪੱਤਰ ਪਰਚੇ ਵਿਚ ਛਪੀ ਇਕ ਅਹਿਮ ਰਚਨਾ ਹੈ, ਜਿਸ ਬਾਰੇ ਸ੍ਰ. ਗੁਰਬਖਸ਼ ਸਿੰਘ ਜੀ ਬੰਨੂਆਣ ਜੀ ਨੇ ਇਸ ਪਰਚੇ ਵਿਚ ਵਿਚਾਰਨ ਵਾਲੀ ਗੱਲ ਕਹੀ ਹੈ।

ਸ੍ਰ. ਤਰਲੋਚਨ ਸਿੰਘ ਜੀ ਦੇ ਵਿਚਾਰ ਅੰਮ੍ਰਿਤਨੁਮਾ ਹਨ। ਪਰ ਇਹ ਗੱਲ ਉਥੇ ਆ ਨਿਬੜਦੀ ਹੈ, ਜਿਵੇਂ ਕਿਹਾ ਜਾਂਦਾ ਹੈ ਕਿ ਜਿੰਨੀ ਗਿਣਤੀ ਵਿਚ ਬਾਬਾ ਫਰੀਦ ਨੇ ਮੁਸਲਮਾਨ ਬਣਾਏ ਸਨ ਔਰੰਗਜ਼ੇਬ ਉਸ ਨਾਲੋਂ ਕਿਤੇ ਪਛੜ ਗਿਆ ; ਜਦਕਿ ਬਾਬਾ ਫਰੀਦ ਨੇ ਮੁਸਲਮਾਨ ਬਣਾਉਣ ਲਈ ਕਿਸੇ 'ਤੇ ਦਬਾਅ ਨਹੀਂ ਸੀ ਬਣਾਇਆ ਤੇ ਔਰੰਗਜ਼ੇਬ ਕਾਫੀ ਸਖਤੀ ਨਾਲ ਮੁਸਲਮਾਨ ਬਣਾਉਂਦਾ ਰਿਹਾ ਸੀ।

ਹੁਣ ਵੇਖਿਆ ਜਾਵੇ ਤਾਂ ਉਦਾਸੀ ਅਤੇ ਨਿਰਮਲੇ ਗੁਰੂ ਨਾਨਕ ਦਾ ਨਾਮ ਜਪਾਉਂਦੇ ਰਹੇ ਪਰ ਕੱਟੜਤਾ ਨਾ ਹੋਣ ਕਰਕੇ ਉਹ ਮੋਹਰੀ ਨਾ ਬਣ ਸਕੇ। ਜਿਵੇਂ ਕਿ ਨਾਮਧਾਰੀ, ਰਾਧਾ ਸੁਆਮੀ ਵੀ ਨਾਮ ਜਪਾ ਰਹੇ ਹਨ। ਇਹ ਤਾਂ ਖ਼ੈਰ ਨਾਮ ਲੇਵਾ ਸਨ ਅਤੇ ਨਾਮ ਜਪਾਉਂਦੇ ਰਹੇ। ਪੰਡਤ ਮਦਨ ਮੋਹਨ ਮਾਲਵੀਆ ਜੀ ਭਾਵੇਂ ਸਨਾਤਨੀ ਸਨ ਪਰ ਉਹਨਾਂ ਭਾਰਤ 'ਤੇ ਵਿਦੇਸ਼ੀ ਹਮਲਿਆਂ ਕਰਕੇ ਸਾਰੇ ਭਾਰਤ ਵਿਚ ਢੰਡੋਰਾ ਦਿੱਤਾ ਸੀ ਕਿ ਹਰ ਹਿੰਦੂ ਘਰ ਇਕ ਬੱਚੇ ਨੂੰ ਕੇਸਧਾਰੀ (ਗੁਰੂ ਦਾ ਸਿੱਖ) ਜ਼ਰੂਰ ਬਣਾਵੇ। ਭਾਵ ਇਕ ਫੌਜੀ। ਉਹਨਾਂ ਦੀ ਭਾਵਨਾ ਭਾਵੇਂ ਕੁਝ ਸੀ ਪਰ ਸਿੱਖ ਤਾਂ ਸਜਣੇ ਹੀ ਸਨ ਜਿਹੜੇ ਕਟੜਤਾ ਸ਼ੁਰੂ ਹੋਣ ਕਰਕੇ ਨਾ ਸਜ ਸਕੇ। ਸੋ ਇਹ ਗੱਲ ਗਹੁ ਨਾਲ ਵਿਚਾਰਨ ਵਾਲੀ ਹੈ ਕਿ ਸਾਂਝੀਵਾਲਤਾ ਜਿਹੜਾ ਸਿੱਖੀ ਦਾ ਮਿਸ਼ਨ ਸੀ ਉਹ ਕਿੱਥੇ ਗਈ ?

'ਭਾਰਤੀ ਸ਼ਕਤੀ-ਸੰਗਠਨ' ਦੇ ਪਹਿਲੇ ਸੂਤਰਧਾਰ 'ਗੁਰੂ ਗੋਬਿੰਦ ਸਿੰਘ' ਗੁਰਬਚਨ ਸਿੰਘ ਨਾਮਧਾਰੀ ਜੀ ਦਾ ਲੇਖ ਕਿਸ ਨੂੰ ਅਪੀਲ ਨਹੀਂ ਕਰੇਗਾ ਗੁਰੂ ਗੋਬਿੰਦ ਸਿੰਘ ਜੀ ਨੂੰ ਰਾਸ਼ਟਰ ਨਾਇਕ ਮੰਨਣ ਲਈ : ਜਿਨ੍ਹਾਂ ਦੁਹਾਈ ਦੇ ਕੇ ਕਿਹਾ ਸ਼ਕਤੀ ਤੋਂ ਬਿਨਾਂ ਭਗਤੀ ਅਸੁਰੱਖਿਅਤ ਹੈ ? ਰਾਮਾ ਅਵਤਾਰ, ਕ੍ਰਿਸ਼ਨਾ ਅਵਤਾਰ, ਚੰਡੀ ਦੀ ਵਾਰ ਦੇ ਰਚਿਤਾ ਕਿਸ ਤੋਂ ਗੁੱਝੇ ਰਹਿ ਸਕਣਗੇ। ਵਿਸਥਾਰ ਨਾਲ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਾੜੀ

ਰਾਜਿਆਂ ਦੀ ਮਦਦ ਤੇ ਉਹਨਾਂ ਵਲੋਂ ਹਮੇਸ਼ਾ ਧੋਖਾ ਤਾਂ ਪਹਿਲਾਂ ਹੀ ਪ੍ਰਚਲਤ ਹੈ। ਪਰ ਲੇਖਕ ਨੇ ਕਾਫੀ ਮਿਹਨਤ ਕਰਕੇ ਵਿਸਥਾਰ ਪੇਸ਼ ਕੀਤਾ ਹੈ। ਜਿਸ ਕਰਕੇ ਵਧਾਈ ਦਾ ਪਾਤਰ ਹੈ। ਬਾਕੀ ਸਮੁੱਚਾ ਪਰਚਾ ਹਰ ਵਾਰੀ ਸੰਭਾਲ ਕੇ ਫਾਇਲ ਵਿਚ ਰਖਣਾ ਪੈ ਰਿਹਾ ਹੈ, ਕਿਉਂਕਿ ਜਾਣਕਾਰੀ ਭਰਪੂਰ ਹੁੰਦਾ ਹੈ ਤੇ ਹਰ ਵਾਰ ਕੋਈ ਨਾ ਕੋਈ ਨਵੀਂ ਚੀਜ਼ ਪ੍ਰਾਪਤ ਹੁੰਦੀ ਹੈ।

—ਕ੍ਰਿਸ਼ਨ ਲਾਲ ਪਰਵਾਨਾ

੭ ਕਨਾਟ ਸਰਕਸ, ਵੈਸ਼ਨੋ ਦੇਵੀ ਬਿਲਡਿੰਗ

ਸਾਹਮਣੇ ਪੰਜਾਬ ਕੇਸਰੀ, ਜਲੰਧਰ

ਦਸੰਬਰ ਦਾ ਵਰਿਆਮ ਪੜ੍ਹਿਆ ਬਹੁਤ ਪਸੰਦ ਆਇਆ ਸਾਥੀ ਗੁਰਨਾਮ ਕੰਵਰ ਹੁਰਾਂ ਪਾਸੋਂ 'ਵਰਿਆਮ' ਮਿਲਿਆ ਜੋ ਡਾਕ ਰਾਹੀ ਤੁਸੀਂ ਸਾਥੀ ਜੋਗਿੰਦਰ ਦਿਆਲ ਨੂੰ ਭੇਜਿਆ ਕਰਦੇ ਹੋ। ਰਸਾਲਾ ਬਹੁਤ ਉੱਤਮ ਲੱਗਿਆ। ਸਾਹਿਤ ਤੇ ਧਾਰਮਕ ਵਿਚਾਰਾਂ ਨਾਲ ਪਰੋਇਆ ਸਾਹਿਤ ਬਹੁਤ ਘੱਟ ਰਸਾਲਿਆਂ 'ਚ ਮਿਲਦੈ। ਡਾ. ਨਰੇਸ਼ ਜੀ ਦਾ ਲੇਖ 'ਮਹਾਨ ਸੂਫੀ ਸੰਤ ਸ਼ੇਖ ਫਰੀਦ', ਚਰੰਜੀ ਲਾਲ ਕੰਗਣੀਵਾਲ ਦਾ ਲੇਖ 'ਦੇਸ਼ ਭਗਤਾਂ ਦੀ ਕਤਲਗਾਹ ਕਾਲਾ ਪਾਣੀ,' 'ਅਰਜਨ ਸਿੰਘ ਗੜਗੱਜ ਦੀ ਸਮੁੱਚੀ ਰਚਨਾ' ਅਤੇ 'ਫਾਂਸੀ ਦੀ ਸਜ਼ਾ' ਬਹੁਤ ਵਧੀਆ ਅਤੇ ਉਮਦਾ ਅੰਸ਼ ਲੱਗੇ। ਜਨਾਬ ਪੰਛੀ ਦੀਆਂ ਰੁਬਾਈਆਂ, ਮਲਕੀਤ ਮੀਤ ਦੇ ਗੀਤ ਤੇ ਗ਼ਜ਼ਲਾਂ ਚੰਗੀਆਂ ਲੱਗੀਆਂ।

ਕਰਮ ਸਿੰਘ ਵਕੀਲ

੪੦੯੩ ਮਲੋਆ ਕਲੋਨੀ, ਚੰਡੀਗੜ-੧੬੦੦੨੪

ਫੋਨ-੧੭੨-੬੪੩੪੪੬

ਘਰ ਵਿਚ ਇਕੱਲਾ ਸਾਂ। ਚੁਫੇਰਾ ਤੇ ਉਂਜ ਹੀ ਸ਼ਾਂਤ ਸਵਰਗ ਹੈ। ਵਰਾਂਡੇ ਚੋਂ ਬੈਠਿਆਂ ਲਾਗਲੇ ਰੁਖਾਂ ਦੇ ਝੁੰਡ ਵਿਚੋਂ ਵਹਿੰਦੇ ਚਸ਼ਮੇ ਦੀ ਮਨ ਮੁਹਕ ਆਵਾਜ਼ ਧਰੂਹਾਂ ਪਾ ਪਾ ਜਾਂਦੀ ਹੈ। ਚੁਪ ਦਾ ਰਾਜ ਹੈ ਕਦੇ ਕਿਧਰੇ ਕੋਈ ਪੰਛੀ ਸੁਰੀਲੀ ਮਧੁਰ ਅਵਾਜ਼ ਵਿਚ ਜ਼ਰੂਰ ਗਾਉਂਦਾ ਸੁਣੀਂਦਾ ਹੈ ਜਿਵੇਂ ਮੇਰੇ ਹੀ ਨਾਲ ਕੁਝ ਗੱਲਾਂ ਕਰਨੀਆਂ ਲੋਚਦਾ ਹੋਵੇ ਜਾਂ ਕੋਈ ਨਵਾਂ ਗੀਤ ਸੁਣਾ ਰਿਹਾ ਹੋਵੇ।

ਇਹ ਵਰਾਂਡਾ ਮੇਰੀ ਕਲਪਤ ਸੈਰਗਾਹ ਹੈ। ਪਲੈਨ ਸੀ ਇਹ ਵਰਾਂਡਾ ਹੁਣ ਤੱਕ ਇਕ ਵਡਾ ਸ਼ੀਸ਼ੇ ਦਾ ਕਮਰਾ ਬਣ ਜਾਵੇਗਾ, ਪਰ ਹੋ ਨਹੀਂ ਸਕਿਆ ਅਜੇ। ਵਰਿਆਮ ਨਾਲ ਮੇਰੀ ਇਕਾਂਤ ਇਥੇ ਹੀ ਗੁਜ਼ਾਰਦੀ ਹੈ।

ਦਸੰਬਰ ਦਾ ਵਰਿਆਮ ਪੁੱਜ ਗਿਆ ਐਤਕਾਂ ਉੱਤੇ ਇਸ ਉਡੀਕਣ ਦਾ ਅਵਸਰ ਭੀ ਨਹੀਂ ਦਿਤਾ। ਤੇ ਮੈਂ ਸਾਰਾ ਪੜ੍ਹ ਭੀ ਗੁਜਰਿਆਂ। ਤੁਹਾਡੇ ਮੁੱਖੀ ਲੇਖਾਂ ਤੋਂ ਬਾਦ ਡਾ. ਨਰੇਸ਼ ਦਾ ਲੇਖ ਬਾਬਾ ਫ਼ਰੀਦ ਬਾਬਤ ਤੇ ਜਿਵੇਂ ਮੇਰੇ ਹੀ ਲਈ ਲਿਖਿਆ ਹੋਵੇ। ਆਤਮਕ ਜੀਵਨ ਦੇ ਪਾਂਧੀ ਨੂੰ ਤੇ ਮੈਂ ਉਡ ਕੇ ਮਿਲਦਾਂ। ਭਾਰਤ ਦੀ ਅਧਿਆਤਮਕ ਮਹਾਨਤਾ ਦਾ ਦੂਰੋਂ ਬੈਠ ਵਿਚਾਰਿਆਂ ਆਨੰਦ ਵੱਖਰਾ ਹੀ ਹੈ। ਕਾਸ਼ "ਪੰਥ ਤੇਰੇ ਦੀਆਂ ਗੂੰਜਾਂ" ਵਾਲੇ ਭੀ ਕੁਝ ਗ੍ਰਹਿਣ ਕਰ ਸਕਣ ਆਪਣੇ ਇਸ ਭਾਰਤ ਤੋਂ, ਤੇ ਉਸ ਵਿਚ ਵਿਚਰੇ ਬਾਬਾ ਫ਼ਰੀਦ ਤੇ ਨਾਨਕ ਤੋਂ। ਦੇਸ਼ਭਗਤਾਂ ਦੀ ਆਤਮਿਕ ਉਚਾਈ, ਦੇਖੋ ਜਿਨ੍ਹਾਂ ਪੂਰਨ ਸਿਖਿਆ ਕਿਸਾਨ ਜੀਆਂ ਦੇ ਗੁਰੂ ਅਰਜਨ ਤੋਂ ਲਈ ਹੈ। ਮਾਨਵ ਕਲਿਆਣ ਮਨੁਖ ਦਾ ਪਹਿਲਾ ਤੇ ਆਖਰੀ ਅਦਰਸ਼ ਹੈ ਤੇ ਕੁਰਬਾਨੀਆਂ ਦੇ ਪੁਤਲੇ ਹੀ ਇਸ ਦੀ ਨੀਂਹ ਹਨ। "ਅਰਜਨ ਸਿੰਘ ਗੜਗਜ ਦੀ ਸਮੁੱਚੀ ਰਚਨਾ" ਕਾਮਰੇਡ ਨੂੰ ਅਮਰ ਬਣਾ ਦੇਵੇਗੀ। ਕਵੀ ਜੀਆਂ ਦੇ ਸਤਿਜੁਗ ਵਿਚ ਗੜਗਜ ਜੀਆਂ ਦੀ ਆਪਣੀ ਹੀ ਅਸਥਾਨ ਹੋਇਆ ਕਰਦੀ ਸੀ।

ਖਬਰਨਾਮਾ ਤੇ ਪੰਜਾਬੀਆਂ ਦੇ ਐਨ ਦਰਸ਼ਨ ਕਰਵਾ ਦੇਂਦਾ ਹੈ। ਸਤਿਗੁਰ ਵਰਿਆਮ ਨੂੰ ਚੜ੍ਹਦੀਆਂ ਕਲਾਂ ਬਖਸ਼ਣ ਤੇ ਤੁਹਾਨੂੰ ਹਿੰਮਤ ਤੇ ਚੰਗੀ ਸਿਹਤ।

ਪਿੱਛੇ ਜਹੇ ਵੱਡੀ ਗੁੱਡੀ (ਨੂੰਹ) ਆਈ ਤੇ ਵਰਿਆਮ ਵੇਖ ਬੋਲੀ " ਡੈਡੀ ਜੇ ਤੁਸੀਂ ਪੜ੍ਹ ਚੁੱਕੇ ਹੋ ਤੇ ਲੈ ਜਾਵਾਂ"। "ਤੁਸੀਂ ਆਪ ਕਿਉਂ ਨਹੀਂ ਲਵਾ ਲੈਂਦੇ, ਡੈਡੀ ਤੇ ਪੈਨਸ਼ਨਰ ਹੈ"। ਪਤਾ ਨਹੀਂ ਉਨ੍ਹਾਂ ਲਿਖਿਆ ਕਿ ਨਹੀਂ ਤੁਹਾਨੂੰ ਅਜੇ, ਪਰ ਮੈਂਧ ਫੇਰ ਨਹੀਂ ਮੰਗਿਆ।

ਬੜੇ ਹੀ ਤਣਾਓ ਯੁਗ ਵਿੱਚ ਦੀ ਲੰਘ ਰਹੇ ਹਾਂ ਜੋ ਅਸੀਂ ਆਪ ਹੀ ਸਹੇੜਦੇ ਹਾਂ, ਦੁਖੀ ਹੁੰਦੇ ਹਾਂ, ਬਿਮਾਰੀਆਂ ਸਹੇੜਦੇ ਹਾਂ, ਪਰ ਇਨ੍ਹਾਂ ਦਿਦਗੀਆਂ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਕੋਈ ਨਹੀਂ ਸੋਚਦਾ। ਕਿਸੇ ਪਾਸ ਪੁਸਤਕਾਂ ਪੜ੍ਹਨ ਤੇ ਨਾਮ ਜਪਣ ਲਈ ਟਾਈਮ ਕਿੱਥੇ; ਗੁਲਾਮੀ ਦੀਆਂ ਜ਼ੰਜੀਰਾਂ ਦਿਨ ਪੁਰ ਦਿਨ ਹੋਰ ਭੀੜੀਆਂ ਹੋਈ ਜਾ ਰਹੀਆਂ ਹਨ। ਚਮਕੀਲਾ ਵਲੈੜੀ ਲਿਟਰੇਚਰ ਤੇ ਫ਼ਿਲਮਾਂ ਦੀ ਜਕੜ ਐਨੀ ਸਖ਼ਤ ਹੈ ਕਿ ਰੱਬੀ ਸਾਹਿਤ ਤੇ ਵਾਤਾਵਰਨ ਲਈ ਅੱਜ ਦੇ ਸਮਾਜ ਪਾਸ ਕੋਈ ਵਕਤ ਹੀ ਨਹੀਂ। ਮੈਨੂੰ ਇਸ ਗੱਲ ਦੀ ਜ਼ਰੂਰ ਖੁਸ਼ੀ ਹੈ ਕਿ ਸਾਡੇ ਸਾਰੇ ਪਰਿਵਾਰ ਵਿੱਚ ਅਜੇ ਤੱਕ ਪੰਜਾਬੀਅਤ ਜ਼ਰੂਰ ਕਾਇਮ ਹੈ ਤੇ ਬੱਚਿਆਂ ਵਿਚ ਵੀ ਕੋਈ ਧਾਰਮਿਕ ਉਲੰਘਣਤਾ ਨਹੀਂ ਦਿਖਾਈ। ਸਗੋਂ ਮੈਨੂੰ ਭੀ ਬੱਚੇ ਪੰਜਾਬੀ ਲਈ ਕੋਸੀ ਰੱਖਦੇ ਹਨ। ਸਾਰੇ ਜਾਣਦੇ ਭੀ ਹਨ

ਕਿ ਮੈਂ ਪੰਜਾਬੀ ਲਈ ਆਪਣੀ ਕਲਮ ਨੂੰ ਸਹਾਇਕ ਬਣਾਈ ਰਖਿਆ ਹੈ।

ਜਿੰਨਾ ਚਿਰ ਮੇਰੀ ਲੱਤ ਪਲਾਸਟਰ ਵਿੱਚ ਰਹੀ ਇਸ ਨਾਲ ਮੇਰਾ ਪ੍ਰੇਮ ਹੋਰ ਗਾੜ੍ਹਾ ਹੋ ਗਿਆ। ਲਹਿਰਾਂ ਦੀ ਗਿਣਤੀ (ਕੁਝ ਛਪੀਆਂ) ਹੁਣ ਤੱਕ ਮੇਰੇ ਪਾਸ ੧੭੫ ਤੱਕ ਹੈ ਤੇ ਪ੍ਰਦੇਸਣ (ਕੁਝ ਛਪੀਆਂ) ਦੀ ੨੦੦ ਤੱਕ। ਸੁਹਲੜੇ ਮੈਂ ਅਜੇ ਪੂਰਨ ਇਕੱਤਰ ਨਹੀਂ ਕੀਤੇ। ਆਸ ਸੀ ਜਲਦੀ ਵਤਨ ਦੀ ਫ਼ੇਰੀ ਲੱਗੇਗੀ ਤੇ ਇਸ ਬਾਬਤ ਕੁਝ ਸੋਚਾਂਗੇ ਪਰ ਅਜੇ ਨੇੜੇ ਭਵਿੱਖ ਵਿੱਚ ਕੁਝ ਵਿਹਲ ਨਹੀਂ ਦਿਸ ਰਹੀ ਨਿਕਲਣ ਲਈ। ਬੱਚੇ ਜ਼ਰੂਰ ਮਗਰ ਪਏ ਹੋਏ ਹਨ ਕਿ ਪੁਸਤਕ ਰੂਪ ਦਿੱਤਾ ਜਾਵੇ। ਮੈਨੂੰ ਤੇ ਇਸ ਵਿਚ ਕੋਈ ਤਜਰਬਾ ਨਹੀਂ। ਹਾਂ ਲਿਖਣਾ ਜ਼ਰੂਰ ਮੈਥੋਂ ਬੰਦ ਨਹੀਂ ਕੀਤਾ ਜਾਣਾ। ਤੁਸੀਂ ਹੀ ਲਾਡੋਵਾਲੀ ਪ੍ਰੈੱਸ ਪਾਸੋਂ ਪੁੱਛ ਕੇ ਦੱਸੋ ਕਿ ਭਵਿੱਖ ਕਿਸ ਤਰ੍ਹਾਂ ਉਲੀਕਿਆ ਜਾਵੇ। ਮੈਂ ਤੇ ਕਲ੍ਹ ਕਾਕੇ ਕਿਰਪਾਲ ਨੂੰ ਆਖ ਦਿੱਤਾ ਸੀ ਕਿ ਪਿਛਲੇ ੧੪ ਸਾਲ ਦਾ ਸਪੋਰਟ ਰਿਕਾਰਡ ਮੈਨੂੰ ਦੇਵੇ ਤਾਂ ਕਿ ਇਸ ਨੂੰ ਭੀ ਕਲਾ ਅਧੀਨ ਕੀਤਾ ਜਾਵੇ। ਇੱਥੇ ਸਿਡਨੀ ਵਿਚ ਪੰਜਾਬ ਟਾਈਮ ਇੱਕ ਅਖ਼ਬਾਰ ਨਿਕਲਦਾ ਹੈ। ਇਹ ਮੈਂ ਜ਼ਰੂਰ ਆਖ ਸਕਦਾ ਹਾਂ ਕਿ 'ਲਹਿਰਾਂ, ਪ੍ਰਦੇਸਣ, ਸੁਹਿਲੜੇ' ਆਤਮਕ ਜੀਵਨ ਦੇ ਪਾਂਧੀਆਂ ਲਈ ਜ਼ਰੂਰ ਲਾਭਦਾਇਕ ਸਿੱਧ ਹੋ ਸਕਦੀਆਂ ਹਨ। ਮੇਰੇ ਲਈ ਤੇ ਹਨ , ਮੇਰਾ ਤੇ ਇਹ ਅਨਿੱਖੜਵਾਂ ਅੰਗ ਹਨ। ਮੈਂ ਇਹ ਲਿਖਦਾ ਭੀ ਹਾਂ ਤੇ ਮਾਣਦਾ ਭੀ।

ਇਹ ਚਿੱਠੀ ਮੈਂ ੧੨.੧੨.... ਨੂੰ ਲਿਖਣੀ ਆਰੰਭ ਕੀਤੀ ਸੀ ਤੇ ਅੱਜ ੧੭ ਹੋ ਗਈ ਹੈ। ਸਤਿਗੁਰਾਂ ਨੇ ਨਵੇਂ ਕਰਤਾਰ (ਪੋਤਰਾ) ਦੇ ਦਰਸ਼ਨ ਜੋ ਕਰਵਾਏ ਉਸ ਵਿੱਚ ਰੁਝੇ ਰਹੇ, ਕੁੰਦਨ ਦੇ ਛੋਟੇ ਵੀਰ ਦੇ। ਕਰਤਾਰੀ ਮਿਹਰਾਮਤ ਥਲੇ ਵਧੇ ਪਸਰੇ।

ਦਲਬੀਰ ਸਿੰਘ 'ਤਰਸ'

(੨)

ਐਤਕਾਂ ਵਰਿਆਮ ਵਕਤ ਸਿਰ ਪੁੱਜ ਗਿਆ, ਮੇਰੇ ਸਾਹਮਣੇ ਹੈ ਵੇਖਿਆ ਮਾਣਿਆਂ ਤੇ ਚੰਗੀ ਤਰ੍ਹਾਂ ਪੜ੍ਹ ਭੀ ਲਿਆ ਹੈ। ਕਵਰ ਮਲੇਰ ਕੋਟਲੇ ਦੇ ਪੂਰਨ ਦਰਸ਼ਨ ਕਰਵਾ ਰਿਹਾ ਹੈ। ਤਸਵੀਰਾਂ ਸੱਚੇ ਪਾਤਸ਼ਾਹ ਜੀਆਂ ਦੇ ਅੱਜ ਦੇ ਦਰਸ਼ਨ ਸੰਮੇਲਨ ਦੇ ਥੰਮ੍ਹਿਆਂ ਦਾ ਦ੍ਰਿਸ਼, ਦੇਵਪੁਰੀ ਦੇ ਸਾਖਿਆਤ ਦਰਸ਼ਨ। ਐਡੀ ਦੂਰ ਤੇ ਅਜਿਹੀ ਵਾਤਾਵਰਣ ਵਿਚੋਂ ਤੇ ਇੰਜ ਹੀ ਲਗਦਾ ਹੈ ਜਿਵੇਂ ਸਵਰਗ ਦੀ ਸਾਰੀ ਸੁੰਦਰਤਾ ਇਸ ਤਸਵੀਰ ਵਿਚ ਰੂਪਮਾਨ ਹੋ ਉੱਠੀ ਹੋਵੇ। ਬੈਕ ਪੇਜ ਤੁਹਾਡਾ ਸੰਗੀਤ ਨਾਲ ਮਨੋਹਰ ਪ੍ਰੇਮ ਸਿੱਧ ਕਰਦਾ ਹੈ ਤੇ ਬਾਹਰਲਾ ਪਾਸਾ ਮੈਨੂੰ ਸਾਡੀ ਸਪੋਰਟਸ ਗਰਾਊਂਡ ਵਿਚ ਜਾ ਖੜਿਆ ਕਰਦਾ ਹੈ। ਫ਼ਰਕ ਇਨਾ ਕਿ ਸੱਚੇ ਪਾਤਸ਼ਾਹ ਇਥੇ ਸਰੀਰਕ ਤੌਰ ਤੇ ਸਾਡੇ ਸੰਗ ਨਹੀਂ ਹੁੰਦੇ ਨਾ ਹੀ ਹੰਸਪਾਲ ਜੀ। ਇਕ ਸਾਲ ਤੋਂ ਸਾਡਾ ਇਹ Nanak Noor Competion ਭੀ ਰੁਕਿਆ ਪਿਆ ਹੈ।

ਚਕ੍ਰਵਰਤੀ ਜੀਆਂ ਨੇ ਇਸ ਅੰਕ ਨੂੰ ਵਰਿਆਮ ਦਾ ਬਸੰਤ ਅੰਕ ਬਣਾ ਦਿੱਤਾ ਹੈ। ਚਲੋ ਤਰਲੋਚਨ ਸਿੰਘ ਜੀਆਂ ਦੇ ਹਵਾਲੇ ਨਾਲ ਬੰਨੋਆਣਾ ਜੀ ਬਡੂੰਗਰ ਜੀਆਂ ਨੂੰ ਇਹ ਤੇ ਯਾਦ ਕਰਾ ਦਿੱਤਾ ਕਿ ਸਤਿਗੁਰੂ ਪ੍ਰਤਾਪ ਸਿੰਘ ੧੯੩੪ ਵਿਚ ਉਹ ਕਾਰਜ ਕਰ ਗਏ ਜੋ ਕੌਮਾਂਤਰੀ ਤੌਰ ਤੇ ਸਿੱਖਾਂ ਨੂੰ ਸਦਾ ਝੰਜੋੜਦਾ ਰਹੇਗਾ। ਹੁਣ ਇਹ ਕਾਰਜ ਕੌਣ ਕਰੇ।

ਗੁਰਬਚਨ ਸਿੰਘ ਜੀਆਂ ਗੁਰੂ ਗੋਬਿੰਦ ਸਿੰਘ ਜੀਆਂ ਦੀ ਜਵਾਨ ਚੜ੍ਹਤ ਤੇ ਬਾਈਧਾਰ ਦੀ ਬੇਈਮਾਨ ਨੀਤੀ ਨੂੰ ਬੜੇ ਸੁੰਦਰ ਰੋਚਕ ਢੰਗ ਨਾਲ ਬਿਆਨਿਆ ਹੈ। ਕਵਿਤਾ ਦੇ ਸਾਰੇ ਪੰਨੇ ਮਾਣੇ ਹਨ। ਸਭ ਦਾ ਧੰਨਵਾਦ।

ਚਕ੍ਰਵਰਤੀ ਜੀ ਤੇ ਆਲਮ ਜੀ ਤੇ ਨਾਮਧਾਰੀ ਥੰਮ ਹਨ। ਇਸੇ ਦੀ ਉਪਮਾ ਕੌਣ ਕਰੇ। ਮੈਨੂੰ ਪਤਾ ਜੀ ਬਸੰਤ ਸਮਾਂ ਆਉਣ ਹੀ ਵਾਲਾ ਹੈ ਤੇ ਮੈਂ ਸੁਤੰਤਰ ਹੋ ਕੁਝ ਤਿਆਰ ਭੀ ਕਰ ਰਿਹਾ ਸਾਂ। ਚਲੋ ਅਗਲੇ ਸਾਲ ਵਰਤਾਂਗੇ ਸੋਹਿਲੜੇ ਨੋਟ ਬੁਕ ਨੇ ਸੰਭਾਲ ਰੱਖਿਆ ਹੈ।

ਭਮਰਾ ਜੀ ਤਾਂ ਇੰਗਲੈਂਡ ਵਿਚ ਨਾਮਧਾਰੀ ਚਾਨਣ ਮੁਨਾਰੇ ਹਨ ਮੈਂ ਇਸ ਲਈ ਨਹੀਂ ਆਖਦਾ ਕਿ ਉਹ ਮੇਰੇ ਮਿੱਤਰ ਭੀ ਹਨ ਸ਼ੰਕਾਂ ਨਵਿਰਤੀ ਲਈ "ਆਕਾਸ਼ ਗੰਗਾ" ਦਾ ਅਧਿਐਨ ਜ਼ਰੂਰੀ ਹੈ। ਵਿਰਕ ਜੀਆਂ ਐਤਕਾਂ ਫਿਰ ਇਕ ਹੋਰ ਨਾਮਧਾਰੀ ਕਵੀ ਦੇ ਦਰਸ਼ਨ ਕਰਵਾਏ ਜਿਸ ਨੇ ਸਾਹਿਤ ਵਿਚ ਨਵਾਂ ਨਵਾਂ ਪ੍ਰਵੇਸ਼ ਕੀਤਾ ਹੈ। ਸੱਚ ਮੰਨੋ ਪ੍ਰਦੇਸ ਵਸਣਾ ਭੀ ਮੇਰੇ ਜਿਹਾਂ ਲਈ ਇਕ ਰੋਗ ਸਹੇੜਨਾ ਹੈ। ਚਲੋ ਅਗੇਰੇ ਕੁਝ ਚਾਨਣ ਨਜ਼ਰ ਆ ਰਿਹਾ ਹੈ। ਜਲਦੀ ਵਤਨ ਚੱਕਰ ਲਗਣ ਦੀ ਭੂਮਿਕਾ ਤਿਆਰ ਹੋ ਰਹੀ ਹੈ।

ਖਬਰਨਾਮੇ ਵਿਚ ਸਤਿਗੁਰੂ ਪ੍ਰਕਾਸ਼ ਦਿਵਸ ਤੇ ਬਾਦ ਬਾਬਾ ਬੁੱਢਾ ਜੀ ਬਾਰੇ ਚੇਅਰ ਸਥਾਪਨਾ ਇਕ ਅਤਿਅੰਤ ਖੁਸ਼ਖਬਰੀ ਹੈ ਹੋਰ ਸਾਹਿਤ ਪ੍ਰਕਾਸ਼ਤ ਹੋਵੇਗਾ। ਗੁਰਮੁਖੀ ਰਾਹੀਂ, ਪੰਜਾਬੀ ਵਿਚ ਸਿੱਖ ਧਰਮ ਦਾ ਪਸਾਰ ਹੋਵੇਗਾ।

—ਦਲਬੀਰ ਸਿੰਘ 'ਤਰਸ'
ਸਿਡਨੀ ਆਸਟ੍ਰੇਲੀਆ



ਨਾਮਧਾਰੀ ਸ਼ਹੀਦਾਂ ਨੂੰ ਸਮਰਪਿਤ ਪੰਜਵਾਂ ਮੇਲਾ ਦੇਸ਼ ਭਗਤਾਂ ਦਾ ਪਿੰਡ ਜੋਗਾ (ਮਾਨਸਾ) ਵਿਚ ਭਾਗ ਲੈ ਰਹੇ ਸ. ਸਵਰਨ ਸਿੰਘ ਵਿਰਕ, ਸ. ਬਲਦੇਵ ਸਿੰਘ ਖਿਆਲਾ, ਐਸ. ਕੇ. ਆਹਲੂਵਾਲੀਆ ਡਿਪਟੀ ਕਮਿਸ਼ਨਰ, ਕਾ. ਭਾਨ ਸਿੰਘ ਭੌਰਾ ਐਮ. ਪੀ., ਸ. ਅਜੀਤ ਇੰਦਰ ਸਿੰਘ ਮੋਫਰ ਸਾਬਕਾ ਐਮ. ਐਲ. ਏ., ਸੰਤ ਦਲੀਪ ਸਿੰਘ ਨਾਮਧਾਰੀ, ਕਾ. ਬੂਟਾ ਸਿੰਘ ਸਾਬਕਾ ਐਮ. ਐਲ. ਏ., ਥਲੇ, ਡਾ. ਹਰਮੰਦਰਜੀਤ ਕੌਰ ਜੋਗਾ, ਸ੍ਰੋਤਾ ਮੰਡਲ ਅਤੇ ਬੀਬੀ ਸ਼ਮਿੰਦਰ ਕੌਰ ਲੌਂਗੋਵਾਲ।



ਡਾ. ਉਮਿੰਦਰ ਜੌਹਲ ਨੂੰ ਦੁਆਬਾ ਕਾਲਜ ਵਿਚ ਸਨਮਾਨਤ ਕਰਨ ਸਮੇਂ ਖਬਿਉਂ ਪ੍ਰਿੰ. ਡਾ. ਆਰ. ਪੀ. ਭਾਰਦਵਾਜ, ਡਾ. ਐਸ. ਪੀ. ਸਿੰਘ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਚੰਦਰ ਮੋਹਨ, ਡਾ. ਉਮਿੰਦਰ ਜੌਹਲ ਅਤੇ ਡਾ. ਡੀ. ਬੀ. ਰਾਏ।



ਯੂ. ਕੇ. ਦਾ ਗ੍ਰਹਿ ਮੰਤਰੀ ਡੇਵਿਡ ਬਲੇਂਕਟ ਅਤੇ ਸੁਰਜੀਤ ਸਿੰਘ ਜੀਤ ਰਿਸਰਚ ਸਕਾਲਰ ਸਾਊਥ ਈਸਟ ਏਸ਼ੀਆ ਕਲਚਰ ਅਤੇ ਹੈਰੀਟੇਜ ਬਾਰੇ ਵਿਚਾਰ ਕਰਦੇ ਹੋਏ।

Registration No. PB/JL-(0016)2003 MONTHLY WARIAM, Ladowali Road, Jalandhar- 144001
Regd. RNI No. 26453/ 75
Feb. 2003.

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ,ਜਲੰਧਰ ਤੋਂ ਪ੍ਰਕਾਸ਼ਿਤ ਕੀਤਾ
0181-2222543